# ਅੰਮ੍ਰਿਤ ਕੀਰਤਨ

# Amrit Kirtan



ਨਵੰਬਰ 2005

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

Sri Satguru Jagjit Singh Ji Elibrary NamdhariElibrary@gmail.com

# ਵਿਸ਼ਵ ਸੰਗੀਤਕਾਰ

**ਡਲੀਬ, ਕਲੀਮੈਂਟ ਫਿਲੀਬੇਅਰ ਲੀਓ** :

ਇਸ ਫਰਾਂਸੀਸੀ ਸੰਗੀਤਕਾਰ ਦਾ ਜਨਮ 21 ਫਰਵਰੀ, 1836 ਨੂੰ ਸੈਨਜੇਰਮੇਨ-ਡੁਵਾਲ ਵਿਖੇ ਹੋਇਆ। ਇਹ ਪਹਿਲਾ ਵਿਅਕਤੀ ਸੀ ਜਿਸ ਨੇ ਨਿਰਤ ਨਾਟਾਂ ਲਈ ਉੱਚ-ਪੱਧਰ ਦਾ ਸੰਗੀਤ ਰਚਿਆ। ਇਸ ਨੇ ਪੈਰਿਸ ਸੰਗੀਤ-ਵਿਦਿਆਲੇ ਵਿਚ ਉੱਘੇ ਸੰਗੀਤਕਾਰ ਅਡੌਲਫ ਐਡਮ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ।

ਸੰਨ 1863 ਵਿਚ ਇਹ ਪੈਰਿਸ ਓਪੇਰਾ ਵਿਖੇ ਗਾਇਕ ਮੰਡਲੀ ਦੇ ਸਿੱਖਿਅਕ ਵਜੋਂ ਅਤੇ 1881 ਈ. ਵਿਚ ਪੈਰਿਸ ਸੰਗੀਤ ਵਿਦਿਆਲੇ ਵਿਚ ਸੰਗੀਤ ਦਾ ਪ੍ਰੋਫੈਸਰ ਲੱਗਿਆ। ਸੰਨ 1884 ਵਿਚ ਇਹ ਫਰਾਂਸੀਸੀ ਸੰਸਥਾ ਦਾ ਮੈਂਬਰ ਬਣਿਆ।

ਲੂਟਵੀਕ ਮਿਨਕੁਸ ਦੇ ਸਹਿਯੋਗ ਨਾਲ ਸਟੇਜ ਕੀਤਾ। ਲਾ ਸੋਰਸ (La Source) ਇਸ ਦਾ ਪਹਿਲਾ ਸਫਲ ਸੰਗੀਤ-ਨਾਟ ਸੀ। ਇਸ ਮਗਰੋਂ ਇਸ ਨੂੰ ਬਹੁਤ ਕੰਮ ਮਿਲਣ ਲੱਗ ਪਿਆ। ਇਸ ਦੇ ਸੰਗੀਤ ਨਾਟ Coppelia ਨੂੰ 1870 ਵਿਚ ਪਹਿਲੀ ਵਾਰ ਖੇਡਿਆ ਗਿਆ ਅਤੇ ਇਸ ਨੂੰ ਅੱਜ ਵੀ ਖੇਡਿਆ ਜਾਂਦਾ ਹੈ। ਇਸ ਨੇ ਚਰਚ ਲਈ ਵੀ ਸੰਗੀਤ ਰਚਿਆ ਅਤੇ ਕਈ ਦਿਲਕਸ਼ ਗੀਤ ਵੀ ਲਿਖੇ।

Sylvia (1876) Le Roi L'adit (1873) ਅਤੇ Lakme (1883) ਇਸ ਦੇ ਕੁਝ ਸੰਗੀਤ ਨਾਟ ਹਨ।

16 ਜਨਵਰੀ, 1891 ਨੂੰ ਪੈਰਿਸ ਵਿਚ ਇਸ ਦੀ ਮੌਤ ਹੋ ਗਈ।

**ਡਵੋਰਜ਼ਾਕ, ਐਂਟੋਨਿਨ**

ਚੈਕੋਸਲੋਵਾਕੀਆ ਦੇ ਇਸ ਸੰਸਾਰ ਪ੍ਰਸਿੱਧ ਸੰਗੀਤਕਾਰ ਦਾ ਜਨਮ 8 ਸਤੰਬਰ, 1841 ਈ. ਨੂੰ ਬੋਹੀਮੀਆ ਖੇਤਰ ਵਿਚ ਮੌਜੂਦਾ ਮਾਈਲੀਵਸਕੋ ਵਿਖੇ ਹੋਇਆ। ਇਸ ਨੇ ਜ਼ਲੋਨੀਚੇ ਦੇ ਨੇੜੇ ਇਕ ਸਕੂਲ ਮਾਸਟਰ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ 16 ਸਾਲਾਂ ਦੀ ਉਮਰ ਵਿਚ ਪਰਾਗ ਆੱਰਗਨ ਸਕੂਲ ਵਿਖੇ ਸਿੱਖਿਆ ਪ੍ਰਾਪਤ ਕਰਦੇ ਹੋਏ ਇਸ ਨੇ ਇਕ ਛੋਟੇ ਆੱਰਕੈਸਟਰਾ ਲਈ ਵਾਈਲਨ ਵਜਾਈ ਅਤੇ 1859 ਈ. ਵਿਚ ਸਕੂਲ ਛੱਡਣ ਤੋਂ ਬਾਅਦ ਚੈਕ ਪ੍ਰੋਵਿਜ਼ਨਲ ਥੀਏਟਰ ਲਈ ਵਾਇਓਲਾ ਵਜਾਇਆ।

ਸੰਨ 1874 ਵਿਚ ਇਕ ਸਿੰਫਨੀ ਪੇਸ਼ ਕਰਨ ਦੇ ਸਬੰਧ ਵਿਚ ਇਸ ਨੂੰ ਆਸਟਰੀਆ ਸਟੇਟ ਪ੍ਰਾਈਜ਼ ਮਿਲਿਆ ਅਤੇ ਅਗਲੇ ਸਾਲਾਂ ਦੌਰਾਨ ਇਸ ਨੂੰ ਇਹ ਇਨਾਮ ਵਾਰ ਵਾਰ ਮਿਲਦਾ ਰਿਹਾ। ਬਹੁਤ ਵਾਰ ਇਸ ਨੂੰ ਇੰਗਲੈਂਡ ਆਉਣ ਦਾ ਸੱਦਾ ਮਿਲਿਆ ਅਤੇ 1892 ਈ. ਵਿਚ ਇਸ ਨੂੰ ਨਿਊਯਾਰਕ ਦੀ ਨੈਸ਼ਨਲ ਕੰਜ਼ਰਵੇਟਰੀ ਆਫ ਮਿਊਜ਼ਕ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ। ਇਹ ਸੰਯੁਕਤ ਰਾਜ ਵਿਖੇ ਤਿੰਨ ਸਾਲ ਰਿਹਾ ਪਰ ਉਦਰੇਵੇਂ ਕਾਰਨ ਆਪਣੇ ਦੇਸ਼ ਵਾਪਸ ਪਰਤ ਆਇਆ। ਇੱਥੇ ਇਹ ਸੰਗੀਤ ਵਿਦਿਆਲੇ ਵਿਚ ਪ੍ਰੋਫੈਸਰ ਅਤੇ 1901 ਈ. ਵਿਚ ਡਾਇਰੈਕਟਰ ਲੱਗਿਆ। ਸੰਯੁਕਤ ਰਾਜ ਵਿਖੇ ਰਹਿੰਦੇ ਹੋਏ ਇਸ ਨੇ ਆਪਣੀਆਂ ਕਈ ਸਫਲ ਕ੍ਰਿਤਾਂ ਰਚੀਆਂ।

ਸੰਨ 1891 ਵਿਚ ਪਰਾਗ ਅਤੇ ਕੈਂਬ੍ਰਿਜ ਯੂਨੀਵਰਸਿਟੀਆਂ ਨੇ ਇਸ ਨੂੰ ਆਨਰੇਰੀ ਡਿਗਰੀਆਂ ਦੇ ਕੇ ਸਨਮਾਨਿਤ ਕੀਤਾ। ਇਸ ਨੇ ਸਿੰਫਨੀਆਂ, ਬਹੁਤ ਸਾਰੇ ਧਾਰਮਿਕ ਗੀਤ ਅਤੇ ਕਈ ਸੰਗੀਤ ਨਾਟ ਲਿਖੇ ਜੋ ਕਿ ਬੋਹੀਮੀਆ ਦੇ ਖੇਤਰ ਵਿਚ ਬਹੁਤ ਪ੍ਰਸਿੱਧ ਹੋਏ। ਇਸ ਨੇ ਪਿਆਨੋ, 16 ਚਉਬੋਲਿਆਂ ਅਤੇ ਹੋਰ ਕਈ ਚੈਂਬਰ ਸੰਗੀਤਕ ਕ੍ਰਿਤਾਂ ਲਈ ਸੰਗੀਤ ਦਿੱਤਾ।

1 ਮਈ, 1904 ਈ. ਨੂੰ ਪਰਾਗ ਵਿਖੇ ਇਸ ਦੀ ਮੌਤ ਹੋ ਗਈ।

*('ਪੰਜਾਬੀ ਵਿਸ਼ਵ ਕੋਸ਼' 'ਚੋਂ ਧੰਨਵਾਦ ਸਹਿਤ)*

**PAGE SPONSORED BY : AHUJA FAMILY**
C-353. Defence Colony New Delhi 110 024

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 11 ◆ ਸਾਲ ਸਤਾਰਵਾਂ ◆ ਨਵੰਬਰ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



| | |
|---|---|
| ਕਰਉ ਬੇਨੰਤੀਆ<br>*ਸੰਪਾਦਕੀ* | 2 |
| ਰਾਗਾ ਦੀ ਸ਼ਕਤੀ<br>*ਨਰਿੰਦਰ ਕੌਰ* | 5 |
| ਵਿਗਾੜਿਆ ਸ਼ਬਦ ਉਚਾਰਣ<br>*ਰਸੂਲ ਹਮਜ਼ਾਤੋਵ* | 9 |
| ਸੋਰਠਿ ਸਦਾ ਸੋਹਾਵਣੀ<br>*ਜਸਵੰਤ ਸਿੰਘ ਵਿਰਦੀ* | 12 |
| ਗੁਰਮਤਿ ਸੰਗੀਤ ਵਿਦਿਆਲਾ ਰਿਸ਼ੀਕੇਸ਼<br>*ਸੁਖਦਰਸ਼ਨ ਚਹਿਲ* | 14 |
| ਸਾਡੇ ਕੀਰਤਨੀਏ ਭਾਈ ਰਾਜਬਿੰਦਰ ਸਿੰਘ<br>*ਗੁਰਜੰਟ ਸਿੰਘ ਰਾਹੀ* | 15 |
| ਗੁਰਮਤਿ ਸੰਗੀਤ ਅਕੈਡਮੀ ਦੇ ਦੂਸਰੇ ਸੈਸ਼ਨ ਦਾ .....<br>*ਭਾਈ ਹਰਿਮੰਦਰ ਸਿੰਘ* | 16 |
| ਸੰਗੀਤ ਪਰਿਭਾਸ਼ਕ ਸ਼ਬਦਾਵਲੀ | 18 |
| ਸੁਰ ਲਿਪੀ<br>*ਡਾ. ਜਾਗੀਰ ਸਿੰਘ* | 22 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਮਨਮੋਹਨ ਸਿੰਘ* | 24 |



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

ਰਚਨਾਵਾਂ ਭੇਜਣ ਲਈ ਪਤਾ
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 09814053630

e-mail : drjagirsingh@rediffmail.com
Website : www.amritkirtan.org



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443





Sri Satguru Jagjit Singh Ji Elibrary NamdhariElibrary@gmail.com

# ਕਰਉ ਬੇਨੰਤੀਆ

## ਮਿੱਠ ਬੋਲੜੇ ਸੰਤ ਗੁਰਚਰਨ ਸਿੰਘ ਜੀ

ਸੰਤ ਗੁਰਚਰਨ ਸਿੰਘ ਜੀ ਸੰਤ ਬਾਬਾ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਦੇ ਵਰੋਸਾਏ ਹੋਏ ਸਨ। ਸੰਤ ਗੁਰਮੁਖ ਸਿੰਘ ਜੀ ਨੇ ਸੰਤ ਗੁਚਰਨ ਸਿੰਘ ਜੀ ਨੂੰ ਆਪਣਾ ਪੁੱਤਰ ਬਣਾ ਕੇ ਪਾਲਿਆ ਅਤੇ ਅਧਿਆਤਮਕ ਸਿੱਖਿਆ ਦਿੱਤੀ ਪਰ ਡੇਰਾ ਬਾਬਾ ਜੱਸਾ ਸਿੰਘ ਦੀ ਸਾਰੀ ਜਾਇਦਾਦ ਉਨ੍ਹਾਂ ਆਪਣੇ ਜੀਉਂਦੇ ਜੀਅ ਗੁਰਮਤਿ ਕਾਲਜ ਪਟਿਆਲਾ ਨੂੰ ਭੇਟ ਕਰ ਦਿੱਤੀ। ਆਪ ਜੀ ਸੰਤ ਗੁਰਚਰਨ ਸਿੰਘ ਜੀ ਅਤੇ ਉਨ੍ਹਾਂ ਦਾ ਪਰਿਵਾਰ ਡੇਰੇ ਦੇ ਨੇੜੇ ਹੀ ਜ਼ਮੀਨ ਖਰੀਦ ਕੇ ਵੱਖਰੀ ਬਣਾਈ ਕੋਠੀ ਵਿਚ ਰਹਿਣ ਲੱਗ ਪਏ। ਇਸ ਤਰ੍ਹਾਂ ਸੰਤ ਗੁਰਚਰਨ ਸਿੰਘ ਜੀ ਵੀ ਅਜੋਕੇ ਸੰਤਾਂ ਵਾਂਗ ਡੇਰਾਵਾਦ ਦੇ ਹੱਕ ਵਿਚ ਨਹੀਂ ਸਨ ਅਤੇ ਨਾ ਹੀ ਉਹ ਪੂਜਾ ਕਰਵਾ ਕੇ ਮਾਇਆ ਇਕੱਠੀ ਕਰਦੇ ਸਨ।

ਉਨ੍ਹਾਂ ਨੇ ਸਾਰੀ ਉਮਰ ਗੁਰਮਤਿ ਅਨੁਸਾਰ ਗ੍ਰਹਿਸਤੀ ਜੀਵਨ ਗੁਜ਼ਾਰਿਆ। ਉਹਨਾਂ ਨੂੰ ਆਪਣਾ ਪਰਿਵਾਰ ਪਾਲਣ ਲਈ ਕਈ ਤਰ੍ਹਾਂ ਦੀਆਂ ਆਰਥਕ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਪਰ ਆਪ ਹਮੇਸ਼ਾਂ ਚੜ੍ਹਦੀ ਕਲਾ ਵਿਚ ਮਿੱਠਾ ਬੋਲ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਆਪਨੇ ਕਲਾਸੀਕਲ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਸਿਤਾਰ ਵਜਾਉਣ ਵਿਚ ਮਾਹਿਰ ਸਨ। ਪਟਿਆਲੇ ਦੇ ਕੀਰਤਨ ਸਮਾਗਮਾਂ ਵਿਚ ਆਪ ਸਿਤਾਰ ਨਾਲ ਕੀਰਤਨ ਕਰਦੇ ਸਨ। ਆਪ ਨੇ ਲੰਬਾ ਸਮਾਂ ਪਟਿਆਲਾ ਸ਼ਹਿਰ ਦੇ ਦਰਵਾਜ਼ਿਆਂ ਉਪਰ ਸਥਾਪਤ ਰਿਆਸਤੀ ਗੁਰਦੁਆਰਿਆਂ ਵਿਚ ਰਾਗੀ ਗ੍ਰੰਥੀ ਦੀ ਡਿਊਟੀ ਨਿਭਾਈ। ਉਥੋਂ ਰਿਟਾਇਰ ਹੋ ਕੇ ਆਪ ਗੁਰੂ ਗ੍ਰੰਥ ਵਿੱਦਿਆ ਕੇਂਦਰ ਮਹਿਰੌਲੀ ਦਿੱਲੀ ਅਤੇ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਚੰਡੀਗੜ੍ਹ ਵਿਚ ਵਿਦਿਆਰਥੀਆਂ ਨੂੰ ਕੀਰਤਨ ਸਿਖਲਾਈ ਦਿੰਦੇ ਰਹੇ।

ਆਪ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਤਾਂ ਕਰਦੇ ਹੀ ਸਨ ਆਪ ਸ਼ਬਦ ਗਾਇਨ ਸਿਖਾਉਣ ਲਈ ਸੁਰਲਿਪੀ ਨੋਟੇਸ਼ਨਾਂ ਬਣਾਉਣ ਵਿਚ ਵੀ ਮਾਹਿਰ ਸਨ।

ਆਪ ਗੁਰਮਤਿ ਸਿਧਾਂਤਾਂ ਦੀ ਕੇਵਲ ਵਿਆਖਿਆ ਹੀ ਨਹੀਂ ਸਨ ਕਰਦੇ, ਉਸ ਨੂੰ ਜੀਵਨ ਵਿਚ ਕਮਾਉਣ ਦੀ ਕੋਸ਼ਿਸ਼ ਵੀ ਕਰਦੇ ਸਨ। ਮਿੱਠਾ ਬੋਲਣਾ ਅਤੇ ਪਿਆਰ ਭਰਿਆ ਵਰਤਾਓ ਕਰਨਾ ਉਨ੍ਹਾਂ ਦੀ ਰਹਿਣੀ ਦਾ ਮੁੱਖ ਅੰਗ ਸਨ। ਸਾਦੇ ਸਵੱਛ ਪਹਿਰਾਵੇ ਨਾਲ ਜਦੋਂ ਉਹ ਮਿੱਠਾ ਬੋਲ ਕੇ ਜੱਫੀ ਪਾ ਕੇ ਮਿਲਦੇ ਤਾਂ ਹਰ ਕੋਈ ਉਨ੍ਹਾਂ ਤੋਂ ਪ੍ਰਭਾਵਿਤ ਹੋ ਜਾਂਦਾ ਸੀ। ਉਨ੍ਹਾਂ ਦੇ ਉਪਦੇਸ਼ਾਂ ਵਿਚ ਮਿੱਠਾ ਬੋਲਣ ਦੀ ਖਾਸ ਸਿੱਖਿਆ ਹੁੰਦੀ ਸੀ। ਉਹ ਅਕਸਰ ਗਾਉਂਦੇ ਹੁੰਦੇ ਸਨ:

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥*
*ਹਉ ਸੰਮਲਿ ਥਕੀ ਜੀ ਉਹੁ ਕਦੇ ਨ ਬੋਲੈ ਕਉਰਾ ॥*

ਉਨ੍ਹਾਂ ਦੀ ਧਰਮ ਪਤਨੀ ਕੁਦਰਤ ਕੌਰ ਜੀ ਜਿਨ੍ਹਾਂ ਨੂੰ ਪਿਆਰ ਨਾਲ ਸਾਰੇ ਨੰਨ੍ਹੀ ਜੀ ਆਖਦੇ ਹਨ ਨੇ ਵੀ ਸੰਤ ਗੁਰਚਰਨ ਸਿੰਘ ਦਾ ਖਿੜੇ ਮੱਥੇ ਸਾਥ ਨਿਭਾਇਆ। ਉਨ੍ਹਾਂ ਦੇ ਬੱਚਿਆਂ ਕਾਕਾ ਪਰਮਜੋਤ ਸਿੰਘ ਅਤੇ ਮਨਮੋਹਨ ਕੌਰ ਜੀ ਤੋਂ ਸੰਤ ਗੁਰਚਰਨ ਸਿੰਘ ਜੀ ਦੇ ਸੁਭਾਅ ਦੀ ਝਲਕ ਮਿਲਦੀ ਹੈ।

ਸੰਤ ਗੁਰਮੁਖ ਸਿੰਘ ਹੋਰਾਂ ਦੀ ਪਰੰਪਰਾ ਦਾ ਆਖਰੀ ਚਿਰਾਗ 18 ਅਕਤੂਬਰ 2005 ਨੂੰ ਬੁਝ ਗਿਆ। ਪਰ ਉਨ੍ਹਾਂ ਦੀ ਰੋਸ਼ਨੀ ਪਟਿਆਲਾ ਸ਼ਹਿਰ ਦੇ ਨਿਵਾਸੀਆਂ ਦੇ ਮਨਾਂ ਵਿਚ ਸਦਾ ਕਾਇਮ ਹੈ। ਉਨ੍ਹਾਂ ਦਾ ਪਿਆਰ ਨਾਲ ਉਚਾਰਿਆ 'ਸਤਿਨਾਮ ਜੀ' ਪਟਿਆਲੇ ਦੀਆਂ ਸੰਗਤਾਂ ਦੇ ਕੰਨਾਂ ਵਿਚ ਸਦਾ ਗੂੰਜਦਾ ਰਹੇਗਾ।

## ਸੰਗੀਤ ਅਤੇ ਸੰਗੀਤਕਾਰ

ਸੰਗੀਤ ਅਤੇ ਸੰਗੀਤਕਾਰ ਨਾਮਕ ਪੁਸਤਕ ਜਦੋਂ ਪ੍ਰਾਪਤ ਹੋਈ ਇਸ ਉੱਤੇ ਲੇਖਕ ਸੁਰਪ੍ਰੀਤ ਕੌਰ ਦਾ ਨਾਂ ਪੜ੍ਹ ਕੇ ਬਹੁਤ ਖੁਸ਼ੀ ਹੋਈ। ਸੁਰਪ੍ਰੀਤ ਕੌਰ ਨੂੰ ਕੇਵਲ ਇਕ ਵਾਰ ਮਿਲਿਆ ਹਾਂ ਉਦੋਂ ਉਹ ਆਪਣੇ ਪਿਤਾ ਜੀ ਪ੍ਰੋਫੈਸਰ ਗੁਰਮੁਖ ਸਿੰਘ ਸਹਿਗਲ ਨਾਲ ਮੇਰੇ ਦਫਤਰ ਵਿਚ ਆਈ ਸੀ। ਉਸ ਨਾਲ ਅਤੇ ਉਸ ਦੇ ਪਿਤਾ ਜੀ ਨਾਲ ਗੱਲਬਾਤ ਕਰਦਿਆਂ ਉਸ ਦੀ ਪ੍ਰਤਿਭਾ ਬਾਰੇ ਉਦੋਂ ਵੀ ਕਾਫੀ ਕੁਝ ਪਤਾ ਲੱਗਦਾ ਸੀ।

ਪ੍ਰੋ. ਸਹਿਗਲ ਆਪ ਇਕ ਪ੍ਰੌੜ ਲੇਖਕ ਹਨ। ਆਪ ਨੇ ਪੰਜਾਬੀ ਵਿਚ ਨਾਵਲ, ਨਾਟਕ ਅਤੇ ਲੇਖਾਂ ਦੀਆਂ ਉੱਤਮ ਪੁਸਤਕਾਂ ਰਚੀਆਂ ਹਨ। ਉਨ੍ਹਾਂ ਦੇ ਨਾਟਕਾਂ ਦੀ ਇਕ ਪੁਸਤਕ ਪਿੱਛੇ ਜਿਹੇ ਛਪੀ ਸੀ। ਇਸ ਵਿਚ ਗੁਰਮਤਿ ਸੰਗੀਤ ਬਾਰੇ ਨਾਟਕ ਲਿਖੇ ਹਨ। ਗੁਰਮਤਿ ਸੰਗੀਤ ਬਾਰੇ ਨਾਟਕ ਨੂੰ ਅਸੀਂ ਅੰਮ੍ਰਿਤ ਕੀਰਤਨ ਦੇ ਪਾਠਕਾਂ ਲਈ ਮੁੜ ਪ੍ਰਕਾਸ਼ਿਤ ਕੀਤਾ ਸੀ। ਅਜਿਹੇ ਵਿਸ਼ੇ ਬਾਰੇ ਨਾਟਕ ਲਿਖਣਾ ਸੱਚਮੁੱਚ ਹੀ ਇਕ ਵਿਲੱਖਣ ਕਾਰਜ ਸਾਬਤ ਹੋਇਆ ਹੈ।



Sri Satguru Jagjit Singh Ji Elibrary NamdhariElibrary@gmail.com

ਪ੍ਰੋਫੈਸਰ ਸਹਿਗਲ ਚੋਟੀ ਦੇ ਸਾਹਿਤਕਾਰਾਂ ਅਤੇ ਸੰਗੀਤਕਾਰਾਂ ਬਾਰੇ ਅਖਬਾਰਾਂ ਵਿਚ ਅਕਸਰ ਮਿਆਰੀ ਲੇਖ ਲਿਖਦੇ ਰਹਿੰਦੇ ਹਨ।

ਸੁਰਪ੍ਰੀਤ ਕੌਰ ਨੇ ਆਪਣੇ ਪਿਤਾ ਦੇ ਨਕਸ਼ੇ-ਕਦਮ ਤੇ ਚੱਲਦਿਆਂ ਪੰਜਾਬੀ ਦੇ ਪਾਠਕਾਂ ਲਈ ਸੰਗੀਤ ਵਿਸ਼ੇ ਬਾਰੇ ਸਰਲ ਪੰਜਾਬੀ ਵਿਚ ਇਹ ਪੁਸਤਕ ਲਿਖੀ ਹੈ। ਇਹ ਪੁਸਤਕ ਦੋ ਭਾਗਾਂ ਵਿਚ ਵੰਡੀ ਹੋਈ ਹੈ।

ਪਹਿਲੇ ਭਾਗ ਵਿਚ ਸੰਗੀਤ ਦੇ ਸਿਧਾਂਤ ਨਾਦ, ਸ਼ਰੁਤੀ, ਸਵਰ, ਸਪਤਕ, ਰਾਗ, ਲੈਅ, ਤਾਲ ਆਦਿ ਬਾਰੇ ਜਾਣਕਾਰੀ ਦਿੱਤੀ ਹੈ।

ਦੂਜੇ ਭਾਗ ਵਿਚ ਕੁਝ ਪ੍ਰਮੁੱਖ ਸੰਗੀਤਕਾਰਾਂ ਦੀਆਂ ਜੀਵਨੀਆਂ ਦਿੱਤੀਆਂ ਹਨ। ਇਹਨਾਂ ਜੀਵਨੀਆਂ ਵਿਚ ਜਿੱਥੇ ਸੰਸਾਰ ਪ੍ਰਸਿੱਧ ਸੰਗੀਤਕਾਰ ਬੀਥੋਵਨ ਦੀ ਜੀਵਨੀ ਹੈ ਉੱਥੇ ਪੁਰਾਤਨ ਕਾਲ ਦੇ ਅਮੀਰ ਖੁਸਰੋ, ਤਾਨਸੇਨ ਅਤੇ ਤਿਆਗਰਾਜਾ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਕੁਝ ਹੋਰ ਜੀਵਨੀਆਂ ਇਸ ਪ੍ਰਕਾਰ ਹਨ:-

ਵਿਸ਼ਨੂ ਦਿਗੰਬਰ ਪਲੁਸਕਰ, ਵਿਸ਼ਨੂ ਨਾਰਾਇਣ ਭਾਤਖੰਡੇ, ਪੰਡਿਤ ਓਮਕਾਰ ਨਾਥ ਠਾਕੁਰ, ਉਸਤਾਦ ਬੜੇ ਗੁਲਾਮ ਅਲੀ ਖਾਨ, ਉਸਤਾਦ ਫਯਾਜ਼ ਖਾਨ, ਉਸਤਾਦ ਅਲਾਉਦੀਨ ਖਾਨ, ਪੰਡਿਤ ਰਵੀ ਸ਼ੰਕਰ, ਉਸਤਾਦ ਅਮੀਰ ਖਾਨ, ਉਸਤਾਦ ਬਿਸਮਿਲਾ ਖਾਨ, ਉਸਤਾਦ ਅੱਲਾ ਰੱਖਾ ਖਾਨ, ਬੇਗਮ ਅਖ਼ਤਰ ਅਤੇ ਮੁਹੰਮਦ ਰਫੀ।

ਇਸ ਪੁਸਤਕ ਦੇ ਪ੍ਰਕਾਸ਼ਕ ਹਨ:-
ਅਸ਼ੋਕ ਕੁਮਾਰ ਗਰਗ
ਸੰਗਮ ਪਬਲੀਕੇਸ਼ਨਜ਼, ਸਮਾਣਾ (ਪਟਿਆਲਾ)

ਇਹ ਪੁਸਤਕ ਜਿੱਥੇ ਸੰਗੀਤ ਦੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰੇਗੀ ਉੱਥੇ ਪੰਜਾਬੀ ਪੁਸਤਕ ਭੰਡਾਰ ਵਿਚ ਵੀ ਇਕ ਨਿੱਗਰ ਵਾਧਾ ਸਾਬਤ ਹੋਵੇਗੀ।

ਸੁਹਿਰਦ ਪਾਠਕਾਂ ਨੂੰ ਚਾਹੀਦਾ ਹੈ ਉਹ ਪੁਸਤਕ ਪੜ੍ਹ ਕੇ ਸੁਰਪ੍ਰੀਤ ਕੌਰ ਨੂੰ ਪੱਤਰ ਜ਼ਰੂਰ ਲਿਖਣ ਇਸ ਨਾਲ ਸੁਰਪ੍ਰੀਤ ਕੌਰ ਦੀ ਹੌਸਲਾ ਅਫਜ਼ਾਈ ਹੋਵੇਗੀ। ਉਸ ਦਾ ਪਤਾ ਹੈ:-

ਸੁਰਪ੍ਰੀਤ ਕੌਰ ਸਹਿਗਲ
144/8 ਸਟ੍ਰੀਟ ਅਰੋੜਿਆਂ, ਪਟਿਆਲਾ
ਫੋਨ: 0175 2225453

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸੁਰਪ੍ਰੀਤ ਕੌਰ ਦੀ ਆਤਮਿਕ ਨਜ਼ਰ ਹੋਰ ਰੋਸ਼ਨ ਹੋਵੇ ਤਾਂ ਜੋ ਉਹ ਇਸ ਤਰ੍ਹਾਂ ਦੀਆਂ ਅਨੇਕਾਂ ਪੁਸਤਕਾਂ ਪਾਠਕਾਂ ਦੀ ਭੇਟ ਕਰ ਸਕੇ।

## ਇਕ ਸਾਰਥਕ ਸ਼ਰਧਾਂਜਲੀ

ਗੁਰਬਾਣੀ ਦਾ ਫੁਰਮਾਨ ਹੈ :
*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥*

ਇਸ ਤੁਕ ਦੇ ਅਰਥ ਦੋ ਤਰ੍ਹਾਂ ਨਾਲ ਕੀਤੇ ਜਾਂਦੇ ਹਨ ਇਕ ਅਰਥ ਤਾਂ ਇਹ ਹੈ ਕਿ ਬਜ਼ੁਰਗਾਂ ਦੀਆਂ ਕਹਾਣੀਆਂ ਪੁੱਤਰਾਂ ਨੂੰ ਸਪੁੱਤਰ ਬਣਾ ਦਿੰਦੀਆਂ ਹਨ ਦੂਜਾ ਅਰਥ ਹੈ ਕਿ ਪੁੱਤਰ ਸਪੁੱਤਰ ਆਪਣੇ ਬਜ਼ੁਰਗਾਂ ਦੀਆਂ ਕਹਾਣੀਆਂ ਸੁਣਦੇ ਸੁਣਾਉਂਦੇ ਹਨ। ਜਗਦੀਪ ਸਿੰਘ ਹੋਰਾਂ ਤੇ ਇਹ ਦੋਵੇਂ ਗੱਲਾਂ ਢੁਕਦੀਆਂ ਹਨ। ਉਨ੍ਹਾਂ ਨੇ ਆਪਣੇ ਪਿਤਾ ਸੰਤ ਸੰਤੋਖ ਸਿੰਘ ਦੀਆਂ ਰਚੀਆਂ ਕਵਿਤਾਵਾਂ ਨੂੰ ਇਕ ਸੁੰਦਰ ਪੁਸਤਕ ਦੇ ਰੂਪ ਵਿਚ 'ਗੁੱਝੀਆਂ ਰਮਜ਼ਾਂ' ਨਾਮ ਹੇਠ ਪ੍ਰਕਾਸ਼ਿਤ ਕੀਤਾ ਹੈ।

ਸੰਤ ਸੰਤੋਖ ਸਿੰਘ ਜੀ ਦੀਆਂ ਲਗਭਗ ਸਾਰੀਆਂ ਕਵਿਤਾਵਾਂ ਅਧਿਆਤਮਕ ਅਤੇ ਸਦਾਚਾਰੀ ਭਾਵ ਦੀਆਂ ਹਨ। ਉਨ੍ਹਾਂ ਦੇ ਜੀਵਨ ਦਾ ਮੁੱਖ ਉਦੇਸ਼ ਸੀ:

*ਦਰਦਵੰਦਾ ਦੇ ਦਰਦ ਵੰਡਾਉ*
*ਇਹ ਸੰਤਨ ਕਾ ਕਹਿਣਾ ਜੂ।*
*ਸੰਤੋਖ ਦੁਖੀਆਂ ਦੇ ਦੁੱਖ ਵੰਡਾ ਕੇ*
*ਆਪੂੰ ਭੀ ਕੁਝ ਸਹਿਣਾ ਜੂ॥*

ਇਸ ਪੁਸਤਕ ਦੀ ਸੰਪਾਦਨਾ ਪ੍ਰਸਿੱਧ ਵਿਦਵਾਨ ਡਾ. ਤ੍ਰਿਲੋਚਨ ਸਿੰਘ ਨੇ ਕੀਤੀ ਹੈ। ਡਾ. ਤ੍ਰਿਲੋਚਨ ਸਿੰਘ ਜੋ ਐਮ. ਏ. ਪੰਜਾਬੀ ਅੰਗਰੇਜ਼ੀ, ਹਿੰਦੀ ਅਤੇ ਪੀ. ਐੱਚ. ਡੀ. ਹਨ। ਉਹ ਬਤੌਰ ਮੁਖੀ ਪੰਜਾਬੀ ਵਿਭਾਗ ਸਰਕਾਰੀ ਕਾਲਜ ਚੰਡੀਗੜ੍ਹ ਤੋਂ ਰਿਟਾਇਰ ਹੋਏ ਹਨ। ਉਨ੍ਹਾਂ ਨੇ ਸੰਤ ਜੀ ਦੀਆਂ ਕਵਿਤਾਵਾਂ ਨੂੰ ਬੜੇ ਸੁਚੱਜੇ ਢੰਗ ਨਾਲ ਸੰਪਾਦਤ ਕੀਤਾ ਹੈ ਅਤੇ ਬੜਾ ਭਾਵ ਪੂਰਤ ਮੁੱਖ ਬੰਦ ਲਿਖਿਆ ਹੈ।

ਸ. ਜਗਦੀਪ ਸਿੰਘ ਨੇ ਖਰਚ ਦੀ ਕੋਈ ਪਰਵਾਹ ਨਾ ਕਰਦਿਆਂ ਇਸ ਪੁਸਤਕ ਨੂੰ ਬੜੀ ਸੁੰਦਰ ਦਿੱਖ ਸਹਿਤ ਬੜੇ ਸੁੰਦਰ ਕਾਗਜ਼ ਤੇ ਛਪਵਾਇਆ ਹੈ। ਖੂਬਸੂਰਤ ਜੈਕਟ ਵਿਚ ਇਹ ਪੁਸਤਕ ਵੇਖ ਵੇਖ ਕੇ ਭੁੱਖ ਲਹਿੰਦੀ ਹੈ। ਕੋਈ ਵੀ ਲੇਖਕ ਪ੍ਰੋ. ਜਗਦੀਪ ਸਿੰਘ ਤੇ ਮਾਣ ਕਰ ਸਕਦਾ ਹੈ ਕਿ ਵਾਹਿਗੁਰੂ ਹਰ ਇਕ ਲੇਖਕ ਦੀ ਔਲਾਦ ਨੂੰ ਇਹੋ ਜਿਹੀ ਭਾਵਨਾ ਬਖਸ਼ੇ ਕਿ ਉਹ ਆਪਣੇ ਬਜ਼ੁਰਗਾਂ ਦੀਆਂ ਕਥਨੀਆਂ ਅਤੇ ਕਰਨੀਆਂ ਦੀ ਇਜ ਸੰਭਾਲ ਕਰੇ ਅਤੇ



Sri Satguru Jagjit Singh Ji Elibrary NamdhariElibrary@gmail.com

ਇਹ ਪਿਓ ਦਾਦੇ ਦੇ ਖਜਾਨੇ ਲੋਕਾਂ ਤੱਕ ਪਹੁੰਚਾਉਵੇ।

ਸੰਤ ਸੰਤੋਖ ਸਿੰਘ ਜੀ ਦੀਆਂ ਕਵਿਤਾਵਾਂ ਤੋਂ ਅਨੁਭਵ ਹੁੰਦਾ ਹੈ ਕਿ ਉਹ ਆਪਣਾ ਜੀਵਨ ਗੁਰਮਤਿ ਦੇ ਭਾਵਾਂ ਅਨੁਸਾਰ ਜੀਉਂਦੇ ਸਨ। ਉਨ੍ਹਾਂ ਦੀਆਂ ਕਵਿਤਾਵਾਂ ਭਾਵ ਪੱਖੋਂ ਤਾਂ ਸੁੰਦਰ ਹਨ ਹੀ ਇਸ ਦੇ ਨਾਲ ਨਾਲ ਉਨ੍ਹਾਂ ਪਿੰਗਲ ਦਾ ਵੀ ਪੂਰਾ ਗਿਆਨ ਸੀ। ਉਨ੍ਹਾਂ ਰੁਬਾਈ, ਦਵੈਯਾ, ਕੋਰੜਾ, ਕਬਿੱਤ, ਬੈਂਤ, ਗੀਤ, ਸਤਵਾਰਾ, ਬਾਰਾ ਮਾਂਹ, ਪੈਂਤੀ ਅਖਰੀ, ਦੋਹਿਰਾ, ਕਾਫੀ ਆਦਿ ਛੰਦਾਂ ਅਤੇ ਕਾਵਿ ਰੂਪਾਂ ਵਿਚ ਰਚਨਾ ਕੀਤੀ। ਉਨ੍ਹਾਂ ਦੀਆਂ ਕਵਿਤਾਵਾਂ ਵਿਚ ਰੂਪਕ, ਦ੍ਰਿਸ਼ਟਾਂਤ, ਅਸੰਭਵ ਅਤਿਕਥਨੀ, ਮਨਿਉਕਤੀ, ਪ੍ਰੋਢੋਕਤੀ, ਤ੍ਰਿਸਕਾਰ, ਪੁਨਰਕਤੀ ਆਦਿ ਅਲੰਕਾਰਾਂ ਦੀ ਭਰਪੂਰ ਵਰਤੋਂ ਹੋਈ ਹੈ। ਉਹਨਾਂ ਵਿਚ ਸ਼ਾਂਤ, ਕਰੁਣ, ਸ਼ਿੰਗਾਰ, ਵਿਜੋਗ ਸ਼ਿੰਗਾਰ ਵਾਤਸਲ ਰਸ ਵੀ ਪ੍ਰਗਟ ਹੁੰਦੇ ਹਨ।

ਸੰਤ ਜੀ ਦੀਆਂ ਸਾਰੀਆਂ ਕਵਿਤਾਵਾਂ ਅਜੋਕੇ ਪਾਠਕਾਂ ਨੂੰ ਕੋਈ ਨਾ ਕੋਈ ਸੇਧ ਦਿੰਦੀਆਂ ਹਨ। ਅੰਤ ਵਿਚ ਉਹਨਾਂ ਵੱਲੋਂ ਆਪਣੀ ਪਤਨੀ ਦੀ ਸਿਫਤ ਵਿਚ ਰਚੀ ਕਵਿਤਾ ਪਾਠਕਾਂ ਦੇ ਗਿਆਤ ਲਈ ਦੇ ਰਹੇ ਹਾਂ।

**ਸੋਮਵਾਰ (ਇਕ ਮਿੱਠੀ ਯਾਦ)**

ਸੋਮਵਾਰ ਸੁੰਦਰ ਜਦੋਂ ਦੇਖਦਾ ਹਾਂ,
ਖੁਲ੍ਹੇ ਬੋਲ ਤੇ ਸੋਹਣੇ ਵਿਚਾਰ ਤੇਰੇ।
ਜਵਾਨੀ ਵਿਚ ਭੀ ਪਾਠ ਨਿਤ-ਨੇਮ ਕੀਤਾ,
ਬੀਤੀ ਉਮਰਾਂ ਸਿਮਰਨ ਕਰਤਾਰ ਤੇਰੇ।
ਹਿਦੂ ਸਿੱਖ ਇਸਾਈ ਦਾ ਭੇਦ ਨਾਹੀਂ,
ਨਾਲ ਸਭਨਾਂ ਦੇ ਇਕੋ ਪਿਆਰ ਤੇਰੇ।
ਲੋੜਵੰਦ ਦੀ ਲੋੜ ਨੂੰ ਕਰੇਂ ਪੂਰਾ,
ਸਭਨਾ ਦੇਖਿਆ ਚਿੱਤ ਉਦਾਰ ਤੇਰੇ।
ਸਾਦਾ ਪਹਿਨਣਾ ਤੇ ਸਾਦਾ ਖਾਣ ਰਖਿਆ,
ਭੈਣ ਭਾਈਆਂ ਵਾਂਗ ਗੁਫਤਾਰ ਤੇਰੇ।
ਪ੍ਰਾਤਾ ਕਾਲ ਸਵੇਰ ਨੂੰ ਉਠਣਾ ਏ,
ਹੋਵੇ ਸੁੱਖ ਤੇ ਭਾਵੇਂ ਬੁਖਾਰ ਤੇਰੇ।
ਜਲ ਨਾਲ ਠੰਢੇ ਇਸ਼ਨਾਨ ਕਰਨਾ,
ਸਰਦ ਰੁੱਤ ਤੇ ਭਾਵੇਂ ਹੁਨਾਲ ਤੇਰੇ।
ਬਾਣੀ ਪੜ੍ਹਦਿਆਂ ਹੀ ਕੰਮ ਕਰੀ ਜਾਣਾ,
ਮਗਰੋਂ ਸਿਮਰਨਾ ਭਜਨ ਕਰਤਾਰ ਤੇਰੇ।

# Things God Won't Ask

God won't ask
what kind of car you drove,
He'll ask how many people you drove
who didn't have transportation.

❑

God won't ask
the square footage of your house,
He'll ask how many people you welcomed into your home.

❑

God wont't ask
what your highest salary was,
He'll ask if you compromised you character to obtain it.

❑

God won't ask
what you job title was,
He'll ask if you performed your job to the best of your ability.

*With best compliments from a wellwisher*



Sri Satguru Jagjit Singh Ji Elibrary NamdhariElibrary@gmail.com

# ਰਾਗ ਦੀ ਸ਼ਕਤੀ

ਨਰਿੰਦਰ ਕੌਰ

ਮਨੁੱਖੀ ਮਨ ਨੂੰ ਭਟਕਣਾ ਚੋਂ ਕੱਢ ਕੇ ਇਕਾਗਰਤਾ ਪ੍ਰਦਾਨ ਕਰਨ ਵਾਲਾ ਅਤੇ ਵਿਸਮਾਦ ਦੀ ਅਵਸਥਾ ਤੱਕ ਪਹੁੰਚਾਉਣ ਵਾਲਾ ਇਕ ਸ਼ਕਤੀਸ਼ਾਲੀ ਸਾਧਨ ਹੈ- 'ਰਾਗ'। ਇਸ ਗੱਲ ਦੀ ਪੁਸ਼ਟੀ ਕਰਦੀ ਹੈ ਗੁਰਬਾਣੀ ਦੀ ਇਕ ਤੁਕ-

*ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥*

ਉੱਤਰੀ ਸੰਗੀਤ ਦੇ ਮਹਾਨ ਗ੍ਰੰਥ 'ਸੰਗੀਤ ਰਤਨਾਕਰ' ਵਿਚ ਪੰਡਿਤ ਸ਼ਾਰੰਗਦੇਵ ਨੇ ਵੀ ਰਾਗ ਬਾਰੇ ਇਹੋ ਜਿਹਾ ਹੀ ਵਰਣਨ ਕੀਤਾ ਹੈ।

*योऽयं ध्वनि विशेषस्तु स्वर वर्ण विभूषितः*
*रंजको जन चितानां सः रागः कथता बुधैः॥*

ਭਾਵ : ਉਹ ਧੁਨਾਤਮਕ ਰਚਨਾ ਜਿਸ ਵਿਚ ਸਵਰ ਤੇ ਵਰਣ ਹੋਣ ਤੇ ਜਿਹੜੀ ਸੁਣਨ ਵਾਲਿਆਂ ਨੂੰ ਆਨੰਦਿਤ ਕਰ ਦੇਵੇ ਉਹ ਰਾਗ ਹੈ।

ਰਾਗ ਸੱਤ ਸੁਰਾਂ ਦਾ ਸੁੰਦਰ ਸੁਮੇਲ ਹੈ। ਸੁਰਾਂ ਦੀ ਅਜਿਹੀ ਘਾੜਤ ਜਿਸਦੀਆਂ ਧੁਨੀਆਂ ਅਤਿ ਸੁਰੀਲੀਆਂ ਹਨ। ਸਿੱਖ ਗੁਰੂ ਸਾਹਿਬਾਨ ਤੇ ਭਗਤਾਂ, ਸੰਤਾਂ ਨੇ ਰਾਗ ਨੂੰ ਆਪਣੀਆਂ ਬਾਣੀਆਂ ਉਚਾਰਣ ਕਰਨ ਲਈ ਅਪਨਾਇਆ ਹੈ। ਰਾਗ ਇਕ ਪਵਿੱਤਰ ਤੇ ਦੈਵੀ ਕਲਾ ਹੈ। ਮਿਹਨਤ ਕਰਨ ਦੇ ਬਾਵਜੂਦ ਵੀ ਇਹ ਬਿਨਾਂ ਗੁਰੂ ਕਿਰਪਾ ਤੋਂ ਨਹੀਂ ਸਿੱਖੀ ਜਾ ਸਕਦੀ। ਇਹ ਵਾਹਿਗੁਰੂ ਦਾ ਇਕ ਵਰਦਾਨ ਹੈ। ਇਹ ਅਜਿਹਾ ਵਰਦਾਨ ਜਿਸਦੀ ਸ਼ਕਤੀ ਨਾਲ ਸਾਹਮਣੇ ਵਾਲੇ ਦਾ ਹਿਰਦਾ ਪਰਵਰਤਿਤ ਕੀਤਾ ਜਾ ਸਕਦਾ ਹੈ। ਭਿਆਨਕ ਜਾਨਵਰ ਨੂੰ ਵੱਸ ਕੀਤਾ ਜਾ ਸਕਦਾ ਹੈ। ਰਾਗ ਦੀ ਸ਼ਕਤੀ ਨਾਲ ਬੀਮਾਰ ਬੰਦੇ ਨੂੰ ਠੀਕ ਕੀਤਾ ਜਾ ਸਕਦਾ ਹੈ। ਸੰਗੀਤ ਦੀ ਸ਼ਕਤੀ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਬ-ਸ਼ਰਤੇ ਕਿ ਸੰਗੀਤਕ ਧੁਨੀਆਂ ਨੂੰ ਚੰਗੇ ਸ਼ਬਦਾਂ ਨਾਲ ਜੋੜਿਆ ਜਾਏ। ਕਿਉਂਕਿ ਸ਼ਬਦ ਹੀ ਜੋੜਨ ਤੇ ਤੋੜਨ ਦਾ ਕਾਰਨ ਹਨ।

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਰਾਗਾਂ ਵਿਚ ਵਿਰਾਜਿਤ ਹੈ। ਸੰਤ ਬਾਬਾ ਸੁੱਚਾ ਸਿੰਘ ਜੀ (ਜਵੱਦੀ ਕਲਾਂ) ਦੇ ਸ਼ਬਦਾਂ ਵਿਚ "ਗੁਰੂ ਮਹਾਰਾਜ ਦੀ ਬਾਣੀ ਦਾ ਹਰ ਅੱਖਰ ਧੁਨਾਤਮਕ ਭਾਵ ਰਾਗਾਤਮਕ ਹੈ। ਗੁਰਬਾਣੀ ਦੇ ਹਰ ਸ਼ਬਦ ਨੂੰ ਰਾਗ ਦਾ ਹੀ ਤਿਲਕ ਲਗਾਇਆ ਗਿਆ ਹੈ। ਪਹਿਲਾਂ ਰਾਗ ਫਿਰ ਮਹਲਾ ਤੇ ਫਿਰ ਬਾਣੀ। ਸੰਗੀਤ, ਬਾਣੀ, ਭਗਤੀ ਦਾ ਇਥੋਂ ਤੱਕ ਸੰਬੰਧ ਹੈ ਕਿ ਜਿਤਨੀ ਵੀ ਬਾਣੀ ਭਗਤਾਂ ਦੀ ਆਈ ਹੈ ਸੋ ਵੀ ਰਾਗਾਂ ਵਿਚ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਸਰਬ ਲੋਹ ਪ੍ਰਕਾਸ਼ ਅਨੁਸਾਰ 235 ਰਾਗ ਆਪ ਗਾਏ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਵੀ ਸੰਗੀਤਾਤਮਕ ਹੈ। ਅਸਲ ਵਿਚ ਪ੍ਰਾਣੀ ਮਾਤਰ ਦਾ ਰਾਗ ਧੁਨ ਸੰਗੀਤ ਨਾਲ ਸਬੰਧ ਸੁਤੇ ਸਿਧ ਹੀ ਹੈ, ਕਿਉਂਕਿ ਘਟਿ ਘਟਿ ਜ਼ਰੇ ਜ਼ਰੇ ਵਿਚ ਇਕ ਸੰਗੀਤਕ ਧੁਨ ਲਗਾਤਾਰ ਹੋ ਰਹੀ ਹੈ। ਜਿਸ ਤਰ੍ਹਾਂ ਅਸੀਂ ਆਮ ਤੌਰ ਤੇ ਵੇਖਦੇ ਹਾਂ ਕਿ ਇਕ ਅਥਾਹ ਜ਼ਹਿਰੀਲਾ ਜਾਨਵਰ ਸੱਪ ਜਿਸ ਦਾ ਨਾਮ ਸੁਣਕੇ ਮਨੁੱਖ ਦਾ ਤ੍ਰਾਹ ਨਿਕਲ ਜਾਂਦਾ ਹੈ ਜਦੋਂ ਸਪੇਰਾ ਬੀਨ ਵਜਾਉਂਦਾ ਹੈ ਤੇ ਨਾਲ ਹੀ ਅੰਦਰ ਮੰਤਰ ਅਤੇ ਸੰਗੀਤ ਦੇ ਅਸਰ ਕਰਕੇ ਮਸਤ ਹੋ ਅੰਦਰੋਂ ਜ਼ਹਿਰ, ਦ੍ਵੈਸ਼ ਭਾਵ ਤੋਂ ਸ਼ਾਂਤ ਹੋ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਮਨੁੱਖ ਸ੍ਰੀ ਗੁਰੂ ਨਾਨਕ ਸਾਹਿਬ ਦੇ ਬਖਸ਼ੇ ਸ਼ਬਦ ਅਤੇ ਮਹਾਰਾਜ ਦੇ ਦਰਸਾਏ 31 ਰਾਗਾਂ ਨਾਲ ਜੁੜਦਾ ਹੈ, ਤਾਂ *'ਖਿਨ ਮਹਿ ਚਾਰ ਕੁੰਟ ਫਿਰਿ ਆਵੈ'* ਅਤੇ *'ਲੋਭ ਗ੍ਰਸਿਓ ਦਸਹੂੰ ਦਿਸ ਧਾਵਤ'* ਅਤੇ *'ਕਬਹੂੰ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ'* ਵਾਲਾ ਮਿੰਟਾਂ ਸਕਿੰਟਾਂ ਵਿਚ ਐਸਾ ਹੋ ਆਂਵਦਾ ਹੈ ਜਿਵੇਂ ਕਿ *'ਮਨ ਮੇਰੋ ਧਾਵਨ ਤੇ ਛੂਟਕਿਓ ਕਰਿ ਬੈਠੋ ਬਿਸਰਾਮ'* ਵਾਲੀ ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਆਪੇ ਨੂੰ ਆਪਾ ਪਿਆਰਾ ਹੁੰਦਾ ਹੈ। ਇਸ ਕਰਕੇ ਅੰਦਰਲਾ ਸੰਗੀਤ ਬਾਹਰਲੇ ਸੰਗੀਤ ਨਾਲ ਖਿੱਚ ਖਾਂਦਾ ਹੈ ਤਾਂ ਮੇਲ ਹੁੰਦਾ ਹੈ। ਭਾਵੇਂ ਉਹ ਅੰਦਰਲੀ ਧੁਨ ਕਿਸੇ ਪ੍ਰਗਟ ਕੀਤੀ ਹੈ ਜਾਂ ਨਹੀਂ ਪਰ ਇਹ ਗੱਲ ਸੱਚ ਹੈ ਕਿ ਕੀਰਤਨ ਨਾਲ ਜੁੜਕੇ ਮਨੁੱਖ ਨੇ ਦਸਮ ਦੁਆਰ ਦੀ ਸੋਝੀ ਪੈ ਜਾਂਦੀ ਹੈ ਅਤੇ ਦਿੱਬ ਨੇਤਰ ਪ੍ਰਾਪਤ ਹੋ ਕੇ ਪ੍ਰਭੂ ਨਾਲ ਇਕਮਿਕਤਾ ਨੂੰ ਪ੍ਰਾਪਤ ਹੋ ਜਾਂਦਾ ਹੈ ਤੇ ਮੰਜ਼ਲ ਦੀ ਪ੍ਰਾਪਤ ਹੋ ਜਾਂਦੀ ਹੈ। ਜਿਵੇਂ ਕੋਈ ਸੰਗੀਤਕਾਰ ਸੰਗੀਤ ਨੂੰ ਛੇੜ ਸ਼ਬਦ ਗਾਉਂਦਾ ਹੈ ਤਾਂ ਸਾਰੀ ਕਾਇਨਾਤ ਆਪਣੀ



Sri Satguru Jagjit Singh Ji Elibrary NamdhariElibrary@gmail.com

ਰੂਹ ਵਿਚ ਖੁਸ਼ਹਾਲ ਹੋ ਕੇ ਖੁਸ਼ੀ ਮਲਹਾਰਾਂ ਵਿਚ ਜੀਵਨ ਨੂੰ ਵਿਕਸਿਤ ਕਰਦੀ ਹੈ। ਇਸਦੇ ਉਲਟ ਜੇ ਸੰਗੀਤ ਨੂੰ ਛੇੜ ਕੋਈ ਅਸ਼ਲੀਲ ਰਚਨਾ ਗਾਏਗਾ ਤਾਂ ਸਭ ਪਾਸੇ ਮੁਰਝਾਹਟ ਆਏਗੀ। ਸ਼ਬਦ ਜੋੜਨ ਅਤੇ ਤੋੜਨ ਦਾ ਮਾਧਿਅਮ ਵੀ ਹੈ। ਸ਼ਬਦ ਅੱਗ ਵੀ ਲਗਾ ਸਕਦਾ ਹੈ ਬਾਰਸ਼ ਵੀ ਪੁਆ ਸਕਦਾ ਹੈ, ਠੰਡ ਵੀ ਵਰਤਾ ਸਕਦਾ ਹੈ। ਜਦੋਂ ਪਿਆਰ ਦੇ ਸ਼ਬਦ ਦੀ ਵਰਤੋਂ ਕਰਦੇ ਹਾਂ ਤਾਂ ਮਿਲਾਪ ਹੁੰਦਾ ਹੈ। ਜਦੋਂ ਦਵੈਸ਼ ਵਿਚ ਕੋਈ ਸ਼ਬਦ ਵਰਤਦੇ ਹਾਂ ਤਾਂ ਵਿਛੋੜਾ ਹੁੰਦਾ ਹੈ। ਇਹ ਵਰਤਾਰਾ ਅਸੀਂ ਆਪਣੀ ਜ਼ਿੰਦਗੀ ਵਿਚ ਨਿਤ ਵਰਤਦੇ ਵੇਖਦੇ ਹਾਂ। ਸੋ ਗੁਰੂ ਨਾਨਕ ਸਾਹਿਬ ਨੇ ਉਸ ਸ਼ਬਦ ਅਤੇ ਧੁਨ (ਰਾਗ) ਦੀ ਬਖਸ਼ਿਸ਼ ਕੀਤੀ ਜਿਸ ਨਾਲ ਪ੍ਰਾਣੀ ਮਾਤਰ ਸਦਾ ਚੜ੍ਹਦੀ ਕਲਾ ਵਿਚ ਆਪ ਜੀਊਂਦਾ ਅਤੇ ਹੋਰਨਾਂ ਦੇ ਜੀਊਣ ਲਈ ਸਹਿਯੋਗੀ ਹੁੰਦਾ ਹੈ। ਸੰਸਾਰ ਦੀ ਉਤਪਤੀ ਹੋਈ ਤਾਂ ਸ਼ਬਦ ਨਾਲ ਭਾਵ ਆਤਮਾ ਪਰਮਾਤਮਾ ਤੋਂ ਵੱਖ ਹੋਈ ਤਾਂ ਵੀ ਸ਼ਬਦ ਕਰਕੇ ਹੀ ਹੋਈ ਅਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਮਿਲਾਪ ਕਰਨ ਵਾਸਤੇ ਵੀ ਸ਼ਬਦ ਦੀ ਹੀ ਬਖਸ਼ਿਸ਼ ਕੀਤੀ।

ਬਾਬਾ ਸਰਬਜੋਤ ਸਿੰਘ ਬੇਦੀ ਜੀ ਨੇ ਰਾਗ ਦੀ ਮਹਾਨਤਾ ਇਸ ਤਰ੍ਹਾਂ ਦੱਸੀ ਹੈ, "ਜੋ ਮਾਣ ਸਤਿਗੁਰੂ ਨੇ ਗੁਰਬਾਣੀ ਨੂੰ 31 ਰਾਗਾਂ ਵਿਚ ਉਚਾਰਨ ਕਰਕੇ ਬਖਸ਼ਣਾ ਚਾਹਿਆ ਸਿੱਖ ਜਗਤ ਉਸ ਵਿਚ ਪੂਰਾ ਨਹੀਂ ਉਤਰ ਸਕਿਆ। ਰਾਗੀ ਸਿੰਘਾਂ ਨੇ ਕੀਰਤਨ ਆਪਣੀ ਬੁੱਧੀ ਅਨੁਸਾਰ ਸੰਗਤਾਂ ਨੂੰ ਸਰਵਣ ਕਰਾਇਆ ਪਰ ਜੋ ਰਾਗ ਦਾ ਸਹੀ ਦਰਜਾ ਗੁਰੂ ਸਾਹਿਬ ਗੁਰਬਾਣੀ ਦੁਆਰਾ ਫੁਰਮਾਣ ਕਰਦੇ ਹਨ 'ਕਥਾ ਕੀਰਤਨ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ' ਦੀ ਭਾਵਨਾ ਤੋਂ ਰਾਗੀ ਸਿੰਘ ਅਸਮਰਥ ਰਹੇ ਹਨ। ਸੰਗੀਤ ਦੀ ਪਰਿਭਾਸ਼ਾ ਅਨੁਸਾਰ ਵੀ ਰਾਗ ਨੂੰ ਸਰੀਰ ਅਤੇ ਲੈਅ ਨੂੰ ਪ੍ਰਾਣ ਰੂਪੀ ਸਮਝਿਆ ਜਾਂਦਾ ਹੈ। ਦੁਨੀਆਂ ਦੇ ਧਾਰਮਿਕ ਗ੍ਰੰਥਾਂ ਵਿਚੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇਕ ਐਸਾ ਸਾਗਰ ਹਨ, ਜਿਨ੍ਹਾਂ ਦੀ ਸਮੁੱਚੀ ਬਾਣੀ ਹੀ ਰਾਗ ਤੇ ਸੰਗੀਤ ਦੀ ਲੈਅ ਅਨੁਸਾਰ ਹੈ। ਪੁਰਾਤਨ ਜਨਮ ਸਾਖੀ ਅਨੁਸਾਰ ਮਰਦਾਨੇ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਫਰੰਦੇ ਪਾਸੋਂ ਰਬਾਬ ਲੈ ਕੇ ਦਿੱਤੀ ਤਾਂ ਹੁਕਮ ਹੋਇਆ ਕਿ ਰਬਾਬ ਨੂੰ ਵਜਾ ਕੇ ਰਾਗ ਅਲਾਪਣ ਕਰ ਤਾਂ ਮਰਦਾਨੇ ਨੇ ਕਿਹਾ ਕਿ ਮੈਨੂੰ ਤਾਂ ਰਾਗ ਨਹੀਂ ਆਉਂਦਾ ਤਾਂ ਹਜ਼ੂਰ ਨੇ ਕਿਹਾ ਕਿ "ਮਰਦਾਨਿਆ ਰਬਾਬ ਤੇ ਹੱਥ ਰੱਖ ਰਾਗ ਆਪੇ ਹੀ ਆਏਗਾ।" ਮਰਦਾਨੇ ਨੇ ਰਬਾਬ ਤੇ ਹੱਥ ਰੱਖਿਆ ਰਬਾਬ ਦੀਆਂ ਤਰਬਾਂ ਛੇੜੀਆਂ ਤਾਂ ਐਸਾ ਇਲਾਹੀ ਕੀਰਤਨ ਹੋਇਆ ਕਿ ਬਨਸਪਤੀ ਵਿਚੋਂ ਰਸ ਚੋਇਆ, ਜੀਵਾਂ ਦੀ ਸੁਰਤੀ ਵਾਹਿਗੁਰੂ ਦੇ ਚਰਨਾਂ ਨਾਲ ਜੁੜ ਗਈ ਅਤੇ ਸੈਲ ਪੱਥਰ ਵੀ ਮੋਹੇ ਗਏ। ਪੰਜਵੇਂ ਪਾਤਸ਼ਾਹ ਆਪ ਰਾਗ ਵਿਚ ਸੰਪੂਰਣ ਸਨ। ਉਹ ਸਿਰੰਦੇ ਨਾਲ ਆਪ ਕੀਰਤਨ ਕਰਿਆ ਕਰਦੇ ਸਨ। ਛੇਵੇਂ ਪਾਤਸ਼ਾਹ ਨੇ ਆਪ ਤੰਤੀ ਸਾਜ ਤਾਊਸ ਨਾਲ ਕੀਰਤਨ ਕੀਤਾ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਗਾਂ ਵਿਚ ਹੀ ਕੀਰਤਨ ਨੂੰ ਮਹਾਨਤਾ ਬਖਸ਼ੀ ਹੈ। ਕੀਰਤਨ ਨਿਰਮੋਲਕ ਹੀਰਾ ਹੈ ਤੇ ਸਤਿਗੁਰਾਂ ਨੇ ਇਸੇ ਨੂੰ ਹੀ ਪ੍ਰਧਾਨਗੀ ਬਖਸ਼ੀ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ "ਕਲਜੁਗ ਮਹਿ ਕੀਰਤਨ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥" ਕਲਜੁਗ ਦੇ ਅਜੋਕੇ ਸਮੇਂ ਵਿਚ ਵੀ ਸਿੱਖ ਜਗਤ ਵਿਚ ਕੀਰਤਨ ਦੀ ਪ੍ਰਧਾਨਤਾ ਹੈ ਅਤੇ ਕਈ ਵਿਧੀਆਂ ਰਾਹੀਂ ਗੁਰੂ ਦੇ ਕੀਰਤਨੀਏ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹਨ। ਸ਼ਬਦ ਗੁਰੂ ਦੀ ਪ੍ਰਧਾਨਤਾ ਕਾਰਨ ਜਿਸ ਵੀ ਢੰਗ ਨਾਲ ਕੀਰਤਨ ਪੇਸ਼ ਕੀਤਾ ਗਿਆ ਹੈ, ਸੰਗਤਾਂ ਨੇ ਪ੍ਰਵਾਨਿਆ ਹੈ ਪਰ ਸਤਿਗੁਰਾਂ ਦੇ ਮਹਾਂਵਾਕ ਅਨੁਸਾਰ "ਗੁਨ ਗੋਵਿੰਦ ਗਾਵਹੁ ਸਭਿ ਹਰਿ ਜਨ, ਰਾਗ ਰਤਨ ਰਸਨਾ ਆਲਾਪ। ਕੋਟਿ ਜਨਮ ਕੀ ਤ੍ਰਿਸਨਾ ਨਿਵਰੀ, ਰਾਮ ਰਸਾਇਣਿ ਆਤਮ ਧ੍ਰਾਪ।" ਗੁਰਮਤਿ ਵਿਚ ਰਾਗ ਨਾਲ ਮਿਲਿਆ ਕਰਤਾਰ ਦਾ ਕੀਰਤਨ ਧਰਮ ਦਾ ਇਕ ਵਡਮੁੱਲਾ ਅੰਗ ਹੈ। ਸਤਿਗੁਰਾਂ ਨੇ ਸ਼ਬਦ ਕੀਰਤਨ ਉਚਾਰਨ ਰਾਗ ਵਿਚ ਹੀ ਪ੍ਰਵਾਨ ਸਮਝਿਆ ਹੈ।"

ਸੰਤ ਬਾਬਾ ਠਾਕੁਰ ਸਿੰਘ ਜੀ (ਦਮਦਮੀ ਟਕਸਾਲ) ਦੇ ਅਨੁਸਾਰ, "ਗੁਰਬਾਣੀ ਦਾ ਸੰਬੰਧ ਅਲੌਕਿਕ ਰਾਗ ਅਤੇ ਕਾਵੱਯ ਨਾਲ ਹੈ। ਸੰਗੀਤ ਦੇ ਖੋਜੀ ਵਿਦਵਾਨਾਂ ਨੇ ਇਸ ਦੀ ਜਿੰਨਾ ਵੀ ਹੋ ਸਕਿਆ ਮਿਹਨਤ ਅਤੇ ਲਗਨ ਨਾਲ ਖੋਜ ਕਰਕੇ ਕਈ ਗ੍ਰੰਥ ਪੁਸਤਕਾਂ ਲਿਖੇ। ਪਰ ਗੁਰਬਾਣੀ ਨਾਲ ਸਬੰਧਿਤ ਰਾਗਾਂ ਦੀ ਸੁਰ ਲੈਅ ਤਾਲ ਸਮੇਂ ਦੀ ਖੋਜ ਹਰ ਸੰਗੀਤਕਾਰ ਦੀ ਸਮਝ ਤੋਂ ਬਾਹਰ ਹੈ।"

ਬਾਬਾ ਤੀਰਥ ਸਿੰਘ ਜੀ ਸੇਵਾ ਪੰਥੀ ਵਾਲਿਆਂ ਅਨੁਸਾਰ "ਪ੍ਰਾਚੀਨ ਸਮੇਂ ਰਾਗ ਧਰਮ ਮੰਦਰਾਂ ਵਿਚ ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਿਆ ਪ੍ਰਵਾਨਿਆ ਜਾਂਦਾ ਸੀ। ਸਮੇਂ ਦੇ ਚੱਕਰ ਵਿਚ ਰਾਗ ਧਰਮ ਮੰਦਰਾਂ ਦੀ ਥਾਂ ਐਸ਼ ਅਸ਼ਰਤ ਦੇ ਅਖਾੜਿਆਂ ਵਿਚ ਮੰਦ ਵਾਸ਼ਨਾ ਦਾ ਸਾਧਨ ਬਣ ਗਿਆ। ਰਾਗ ਨੂੰ ਮਾੜਾ ਹਰਾਮ ਕਹਿ ਕੇ ਧਰਮ ਮੰਦਰਾਂ



Sri Satguru Jagjit Singh Ji Elibrary NamdhariElibrary@gmail.com

ਚੋਂ ਬਾਹਰ ਕੱਢ ਦਿੱਤਾ। ਧੰਨ ਗੁਰੂ ਨਾਨਕ ਨੇ ਇਸ ਵੇਗ ਨੂੰ ਮੋੜਿਆ, ਮੁੜ ਕੇ ਰਾਗ ਨਾਲ ਬਾਣੀ ਜੋੜ ਕੇ ਪ੍ਰਭੂ ਪ੍ਰਾਪਤੀ ਦਾ ਸਾਧਨ ਕੀਰਤਨ ਚੁਣਿਆ। ਕੀਰਤਨ ਨਿਰਮੋਲਕ ਹੀਰਾ ਬਣ ਗਿਆ, ਪ੍ਰਭੂ ਪ੍ਰਾਪਤੀ ਲਈ ਸਭ ਤੋਂ ਉੱਤਮ ਸਾਧਨ ਕਲਜੁਗ ਦਾ ਬਣਾ ਦਿੱਤਾ। ਸਮੇਂ ਦੇ ਚੱਕਰ ਵਿਚ ਸੰਗੀਤ ਦੀ ਥਾਂ ਫਿਲਮੀ ਤਰਜ਼ਾਂ ਨੇ ਮੱਲਣੀ ਸ਼ੁਰੂ ਕਰ ਦਿੱਤੀ ਹੈ। ਸੰਗੀਤ ਦਾ ਮੂੰਹ ਫਿਰ ਉਧਰ ਹੀ ਮੁੜ ਰਿਹਾ ਹੈ ਜੋ ਗੁਰੂ ਨਾਨਕ ਤੋਂ ਪਹਿਲੇ ਦੀ ਹਾਲਤ ਸੀ। ਕੀਰਤਨ ਵੀ ਇਕ ਕੰਨ ਰਸ ਮਨ ਪਰਚਾਉਣ ਦਾ ਸਾਧਨ ਬਣਦਾ ਜਾ ਰਿਹਾ ਹੈ।" ਏਸ ਲਈ ਲੋੜ ਹੈ ਕਿ ਸਾਡੀ ਕੌਮ ਆਪਣਾ ਵਿਰਸਾ ਆਪਣੀ ਸੰਸਕ੍ਰਿਤੀ ਜੋ ਗੁਰੂਆਂ ਤੋਂ ਮਿਲੀ ਹੈ ਨੂੰ ਸਾਂਭੇ, ਰਾਗ ਵਿੱਦਿਆ ਦੇ ਮਹੱਤਵ ਨੂੰ ਸਮਝੇ ਤੇ ਕੀਰਤਨ ਦੇ ਅਸਲ ਰੂਪ ਦੀ ਖੋਜ ਕਰੇ।

ਬਾਬਾ ਮੱਖਣ ਸਿੰਘ ਜੀ ਸੇਵਾ ਪੰਥੀ ਦੇ ਮੁਤਾਬਕ "ਗੁਰਮਤਿ ਵਿਚ ਰਾਗ ਨਾਲ ਮਿਲਿਆ ਕਰਤਾਰ ਦਾ ਕੀਰਤਨ ਧਰਮ ਦਾ ਅੰਗ ਹੈ। ਗੁਰੂ ਪਾਤਸ਼ਾਹ ਦੀ ਬਾਣੀ ਵਿਚ ਹੁਕਮ ਹੈ 'ਗੁਣ ਗੋਬਿੰਦ ਗਾਵਹੁ ਸਭ ਹਰਿਜਨ ਰਾਗ ਰਤਨ ਰਸਨਾ ਆਲਾਪ।' ਸਤਿਗੁਰੂ ਪਾਤਸ਼ਾਹਾਂ ਨੇ ਰਾਗ ਸਬੰਧੀ ਬਾਣੀ ਵਿਚ ਬਹੁਤ ਸ਼ਬਦ ਕਹੇ ਹਨ। ਕਿਤੇ ਕਹਿੰਦੇ ਹਨ, 'ਰਾਗ ਨਾਦ ਸਬਦਿ ਸੋਹਣੇ' ਅਤੇ ਕਿਤੇ ਰਾਗ ਦੀ ਗੱਲ ਕਰਦਿਆਂ ਰਾਗ ਨੂੰ ਸੱਚ ਦਾ ਦਰਜਾ ਦਿੱਤਾ ਹੈ। ਈਸ਼ਵਰ ਸੱਤ ਹੈ ਅਤੇ ਈਸ਼ਵਰ ਦੇ ਮਿਲਾਪ ਲਈ ਸੱਤ ਨਾਲ ਜੁੜਨਾ ਮਨੁੱਖ ਵਾਸਤੇ ਅਤੀ ਜ਼ਰੂਰੀ ਹੈ। ਸਤਿਗੁਰੂ ਪਾਤਸ਼ਾਹ ਨੇ ਪਵਿੱਤਰ ਬਾਣੀ ਵਿਚ ਇਹ ਸ਼ਬਦ ਕਹੇ ਹਨ-

*ਰਾਗ ਨਾਦ ਸਭ ਸਚ ਹੈ*
*ਕੀਮਤ ਕਹੀ ਨ ਜਾਇ॥*
*ਰਾਗੈ ਨਾਦੈ ਬਾਹਰਾ*
*ਇਨੀ ਹੁਕਮ ਨ ਬੁਝਿਆ ਜਾਇ॥*

ਅੱਜ ਸਾਡੇ ਵਿਚੋਂ ਸਹਿਜੇ ਸਹਿਜੇ ਰਾਗ ਅਲੋਪ ਹੋ ਰਿਹਾ ਹੈ। ਔਰ ਸਿੱਖ ਧਰਮ ਦੇ ਕੀਰਤਨੀਏ ਗੁਰਬਾਣੀ ਨੂੰ ਰਾਗਾਂ ਵਿਚ ਗਾਉਣ ਦੀ ਬਜਾਏ ਸਾਧਾਰਨ ਗੀਤਾਂ ਵਿਚ ਗਾਉਣ ਲੱਗ ਪਏ ਹਨ ਜਿਨ੍ਹਾਂ ਨਾਲ ਮਨ ਹੋਰ ਚੰਚਲ ਹੋ ਜਾਂਦਾ ਹੈ। ਲੋੜ ਹੈ ਗੁਰਬਾਣੀ ਦਾ ਅਨੰਦ ਮਾਨਣ ਲਈ ਇਸ ਨੂੰ ਰਾਗ ਵਿਚ ਗਾਇਆ ਜਾਏ ਤਾਂ ਕਿ ਮਨ ਰਾਗ ਵਿਚ ਜੁੜ ਕੇ ਉੱਚੇ ਮੰਡਲਾਂ ਵਿਚ ਉਡਾਰੀਆਂ ਲਾਵੇ ਅਤੇ ਸੁਰਤ ਸ਼ਬਦ ਵਿਚ ਲੀਨ ਹੋ ਜਾਵੇ।

ਰਾਗ ਇਕ ਵਿੱਦਿਆ ਹੈ, ਇਕ ਹੁਨਰ ਹੈ, ਰਾਗ ਇਕ ਐਸੀ ਸੂਖਸ਼ਮ ਕਲਾ ਹੈ ਜੋ ਮਨ ਦੇ ਸੂਖਸ਼ਮ ਭਾਵਾਂ ਤੇ ਅਸਰ ਕਰਕੇ ਮਨ ਨੂੰ ਆਪਣੇ ਵਿਚ ਸਮੋਅ ਲੈਂਦੀ ਹੈ। ਐਸਾ ਵਿਚਾਰ ਹੈ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਹੁਸ਼ਿਆਰਪੁਰ ਵਾਲਿਆਂ ਦਾ। ਉਨ੍ਹਾਂ ਦਾ ਕਹਿਣਾ ਹੈ ਕਿ ਰਾਗ ਮਨ ਨੂੰ ਖਿੰਡਾਓ ਵੱਲੋਂ ਸੰਕੋਚ ਕੇ ਆਪੇ ਵਿਚ ਇਕਾਗਰ ਕਰਦਾ ਹੈ। ਪੁਰਾਣੇ ਸਮੇਂ ਵਿਚ ਰਾਗ ਵਿਚ ਪ੍ਰਬੀਨ ਲੋਕ ਇਸ ਕੋਮਲ ਹੁਨਰ ਦੁਆਰਾ ਦੂਸਰੇ ਦੀਆਂ ਭਾਵਨਾਵਾਂ ਉੱਤੇ ਵਸੀਕਾਰ ਪਾ ਕੇ ਇਸ ਕੋਮਲ ਹੁਨਰ ਦੀ ਅਕਸਰ ਗਲਤ ਵਰਤੋਂ ਕਰਿਆ ਕਰਦੇ ਸਨ। ਜਿਵੇਂ ਕਿ ਮਰਦਾਨੇ ਨੂੰ 'ਨੂਰ ਸ਼ਾਹ ਰਾਗ-ਮਸਤ ਕਰਕੇ ਉਨ੍ਹਾਂ ਦੇ ਮਨ ਨੂੰ ਆਪਣੇ ਅਧੀਨ ਕਰ ਰੱਖਿਆ ਸੀ।

ਪਰ ਸਤਿਗੁਰੂ ਨਾਨਕ ਦੇਵ ਜੀ ਨੇ ਅਜਿਹੀ ਅਮੋਲਕ ਉਚੇਰੀ, ਸੂਖਸ਼ਮ ਕਲਾ ਵਿਚ ਸ਼ਬਦ ਦਾ ਸੁਮੇਲ ਕਰਕੇ ਇਸ ਦਾ ਵੇਗ ਪਰਤਾ ਦਿੱਤਾ। (ਉਹ ਰਾਗ ਜਿਸ ਨੂੰ ਸਮੇਂ ਦੇ ਹਾਕਮਾਂ ਹਰਾਮ ਦਾ ਫਤਵਾ ਦੇ ਕੇ ਇਸਦੇ ਅਲਾਪ ਕਰਨ ਅਤੇ ਸੁਨਣ ਤੇ ਮਨਾਹੀ ਆਇਦ ਕਰ ਰੱਖੀ ਸੀ) ਸਤਿਗੁਰੂ ਜੀ ਨੇ ਇਸਦਾ ਨਾਉਂ ਕੀਰਤਨ ਰੱਖਕੇ, ਪ੍ਰੇਮਸ਼ਰ ਪ੍ਰਾਪਤੀ ਦਾ ਸਭ ਤੋਂ ਉੱਤਮ ਵਸੀਲਾ ਸਾਧਨ ਬਣਾ ਦਿੱਤਾ ਤੇ ਹੁਕਮ ਕੀਤਾ-

*ਨਾਨਕ ਕਹੈ ਸੁਨ ਰੇ ਮਨਾ*
*ਕਰਿ ਕੀਰਤਨ ਹੋਇ ਉਧਾਰੁ।*
ਅਤੇ
*ਕਲਜੁਗ ਮਹਿ ਕੀਰਤਨ ਪਰਧਾਨਾ।*
ਬਣਾ ਕੇ ਹੁਕਮ ਕੀਤਾ
*ਹਰਿ ਦਿਨ ਰੈਨਿ ਕੀਰਤਨ ਗਾਈਐ॥*
*ਬਹੁੜਿ ਨ ਜੋਨੀ ਪਾਈਐ॥*
ਅਤੇ
*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨ ਗਾਵਹੁ ਕਰਤੇ*
*ਕਾ ਨਿਮਖ ਸਿਮਰਤ ਜਿਤ ਛੂਟੈ॥*

ਦੀ ਮੋਹਰ ਲਾ ਕੇ, ਇਸ ਕੀਰਤਨ ਨੂੰ ਕੀਮਤੀ ਹੀਰਾ ਕਰਾਰ ਦਿੱਤਾ।

ਕੀਰਤਨ ਨਿਰਮੋਲਕ ਹੀਰਾ, ਅਨੰਦ ਗੁਣੀ ਗਹੀਰਾ ਅਤੇ ਜੋ ਗੁਰੂ ਦੇ ਹੁਕਮ ਨੂੰ ਮੰਨ ਕੇ ਇਸ ਕਾਰ ਨੂੰ ਕਰਦੇ ਹਨ ਸਤਿਗੁਰੂ ਜੀ ਭਲੋ ਭਲੋ ਰੇ ਕੀਰਤਨੀਆ ਕਹਿ ਕੇ ਉਸ ਨੂੰ ਮਾਣ ਬਖਸ਼ਦੇ ਹਨ। ਸਤਿਗੁਰੂ ਨਾਨਕ ਦੇਵ ਜੀ



Sri Satguru Jagjit Singh Ji Elibrary NamdhariElibrary@gmail.com

ਜਗਤ ਜਲੰਦੇ ਦਾ ਉਧਾਰ ਕਰਨ ਵਾਸਤੇ ਜਿੱਥੇ ਵੀ ਗਏ, ਉੱਥੇ ਜਾ ਕੇ ਪ੍ਰਭੂ-ਮਾਲਕ ਦਾ ਹੁਕਮ ਉਪਦੇਸ਼ ਕੀਰਤਨ ਰਾਹੀਂ ਹੀ ਦਿੱਤਾ; ਇਸੇ ਲਈ ਗੁਰਦੇਵ ਜੀ ਨੇ ਸਾਰੀ ਆਯੂ ਮਰਦਾਨ ਨੂੰ ਆਪਣੇ ਅੰਗ ਸੰਗ ਰੱਖਿਆ। ਕਿਉਂਕਿ ਮਰਦਾਨਾ ਰਾਗ ਸੀ ਗੁਰਦੇਵ ਜੀ ਸ਼ਬਦ ਸਨ। ਗੁਰੂ ਹੁਕਮ ਗੁਰੂ ਅਗਵਾਈ ਵਿਚ ਮਰਦਾਨਾ ਮੌਕੇ ਦਾ ਰਾਗ ਅਲਾਪਦਾ ਉਸ ਅਲਾਪ ਦੇ ਨਾਲ ਗੁਰਦੇਵ ਜੀ ਉਪਦੇਸ਼ ਰੂਪ ਸ਼ਬਦ ਨੂੰ ਰਲਾ ਕੇ ਜਗਿਆਸੂ ਦੇ ਲੋਕ ਸੁਖੀ ਪ੍ਰਲੋਕ ਸੁਹੇਲੇ ਕਰ ਦਿੰਦੇ।

"ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਰਾਗਾਤਮਕ ਹੈ। ਸਤਿਗੁਰੂ ਜੀ ਨੇ 31 ਰਾਗਾਂ ਵਿਚ ਪ੍ਰਮੇਸ਼ਵਰ ਦੀ ਆਵਾਜ਼ ਨੂੰ ਗਾਇਆ ਤੇ ਸਾਨੂੰ ਵੀ ਰਾਗਾਂ ਰਾਹੀਂ ਸ਼ਬਦ ਕੀਰਤਨ ਕਰਕੇ ਪਰਮੇਸ਼ੁਰ ਨੂੰ ਰਿਝਾਉਣ ਦੀ ਤਾਕੀਦ ਕੀਤੀ। ਸ੍ਰੀ ਮਾਨ 108 ਮਹੰਤ ਭਾਈ ਤਾਰਾ ਸਿਘ ਜੀ ਦੱਸਦੇ ਹਨ ਕਿ ਗੁਰੂ ਸਾਹਿਬ ਵੇਲੇ ਤੰਤੀ ਸਾਜ਼ਾਂ ਨਾਲ ਹੀ ਕੀਰਤਨ ਹੁੰਦਾ ਸੀ। ਇਕੱਲਾ ਰਾਗ ਸੁਣਕੇ ਮੀਂਹ ਵਰ੍ਹ ਪੈਂਦਾ, ਪੰਛੀ ਮੋਹੇ ਜਾਂਦੇ ਤੇ ਜਿਸ ਰਾਗ ਨਾਲ ਮਿਲਾ ਕੇ ਗਾਇਆ ਜਾਂਦਾ ਹੋਵੇਗਾ ਉਸ ਵਕਤ ਇਸ ਬ੍ਰਹਮੰਡ ਵਿਚ ਇਕ ਅਲੌਕਿਕ ਵਿਸਮਾਦਿਕ ਹੀ ਨਜ਼ਾਰਾ ਬਣਦਾ ਹੋਵੇਗਾ। ਤਾਂ ਹੀ ਗੁਰੂ ਨਾਨਕ ਸਾਹਿਬ ਜੀ ਦੇ ਇਕ ਸ਼ਬਦ ਗਾਇਨ ਕਰਨ ਨਾਲ ਸੱਜਣ ਠੱਗ ਤੋਂ ਪਵਿੱਤਰ ਆਤਮਾ ਬਣਕੇ ਮਨੁੱਖਤਾ ਦੀ ਸੇਵਾ ਕਰਨ ਲੱਗਾ। ਬਗਦਾਦ ਦੇ ਸ਼ਰੱਈ ਮੁਸਲਮਾਨ ਗੁਰੂ ਨਾਨਕ ਸਾਹਿਬ ਨੂੰ ਵੱਟੇ ਡਾਂਗਾਂ ਮਾਰਨ ਆਏ, ਸ਼ਬਦ ਕੀਰਤਨ ਸੁਣਕੇ ਉਨ੍ਹਾਂ ਦੇ ਚਰਨਾਂ ਵਿਚ ਝੁੱਕ ਗਏ।"

ਸਾਨੂੰ ਸਾਰੇ ਸਿੱਖ ਜਗਤ ਨੂੰ ਗੁਰੂ ਸਾਹਿਬਾਨ ਪਾਸੋਂ ਗੁਰਬਾਣੀ ਸੰਗੀਤ ਦਾ ਜੋ ਖਜਾਨਾ ਪ੍ਰਾਪਤ ਹੋਇਆ ਹੈ, ਉਹ ਸਿੱਖ ਸਮਾਜ ਵਾਸਤੇ ਇਕ ਵੱਡਮੁੱਲੀ ਉਪਲਬਧੀ ਹੈ। ਪਰ ਇਵੇਂ ਲੱਗਦਾ ਹੈ ਕਿ ਸਾਡੇ ਕੋਲ ਇਹ ਖਜਾਨਾ ਸੰਭਾਲਣ ਦੀ ਸੋਝੀ ਨਹੀਂ। ਤਾਂ ਹੀ ਤਾਂ ਅੱਜ ਦੇ ਜ਼ਿਆਦਾਤਰ ਰਾਗੀ ਸਿਘ ਰਾਗਾਂ ਦੀਆਂ ਪੁਰਾਣੀਆਂ ਰੀਤਾਂ ਜਿਨ੍ਹਾਂ ਦਾ ਪ੍ਰਯੋਗ ਸਾਡੇ ਗੁਰੂਆਂ ਨੇ ਕੀਤਾ ਹੈ, ਨੂੰ ਛੱਡ ਕੇ ਫਿਲਮੀ ਤਰਜਾਂ ਤੇ ਸ਼ਬਦ ਗਾਇਨ ਕਰਦੇ ਹਨ। ਆਪਣੀ ਸੰਸਕ੍ਰਿਤੀ ਆਪਣਾ ਵਿਰਸਾ ਭੁਲਾਈ ਜਾ ਰਹੇ ਹਨ।

Lect. in Music (V) RRMK Arya MMV, Pathankot






Sri Satguru Jagjit Singh Ji Elibrary NamdhariElibrary@gmail.com

## ਵਿਗਾੜਿਆ ਸ਼ਬਦ ਉਚਾਰਣ

ਰਸੂਲ ਹਮਜ਼ਾਤੋਵ

ਮੈਨੂੰ ਯਾਦ ਹੈ ਮੈਂ ਉਸੇ ਨਾਟ-ਮੰਡਲੀ ਨਾਲ ਪਹਿਲੀ ਵਾਰੀ ਪ੍ਰਸਿੱਧ ਪਿੰਡ ਗੁਨੀਬ ਪੁੱਜਾ, ਜਿਹੜਾ ਪਹਾੜਾਂ ਵਿਚ ਕਾਫੀ ਉਚਾਈ ਉੱਤੇ ਹੈ। ਇਹ ਤਾਂ ਸਾਰੇ ਜਾਣਦੇ ਹਨ ਕਿ ਸਾਰੇ ਕਵੀ ਇਕੋ ਭਾਈਚਾਰੇ ਨਾਲ ਸੰਬੰਧ ਰੱਖਦੇ ਹਨ। ਮੈਂ ਸੁਣਿਆ ਹੋਇਆ ਸੀ ਕਿ ਗੁਨੀਬ ਵਿਚ ਕੋਈ ਕਵੀ ਰਹਿੰਦਾ ਹੈ, ਪਰ ਉਸ ਨੂੰ ਮਿਲਣ ਦਾ ਮੌਕਾ ਨਹੀਂ ਸੀ ਕਦੀ ਮਿਲਿਆ। ਮੈਂ ਉਸ ਨੂੰ ਮਿਲਣ ਗਿਆ ਤੇ ਉਸ ਨੇ ਸਾਡੇ ਦੌਰੇ ਦੇ ਸਮੇਂ ਲਈ ਮੈਨੂੰ ਆਪਣੇ ਘਰ ਠਹਿਰਾ ਲਿਆ।

ਮੇਰੇ ਚੰਗੇ ਮੇਜ਼ਬਾਨਾਂ ਨੇ ਮੇਰਾ ਏਨਾ ਚੰਗਾ ਸਵਾਗਤ ਕੀਤਾ ਕਿ ਮੈਂ ਉਹਨਾਂ ਨੂੰ ਏਨੀ ਤਕਲੀਫ ਦੇਣ ਕਰਕੇ ਆਪ ਉਲਝਣ ਵਿਚ ਫਸ ਗਿਆ, ਤੇ ਮੈਨੂੰ ਪਤਾ ਨਾ ਲੱਗੇ ਆਪਣੇ ਨਾਲ ਕੀ ਕਰਾਂ। ਕਵੀ ਦੀ ਮਾਂ ਵੱਲੋਂ ਦਿਖਾਈ ਗਈ ਮਿਹਰਬਾਨੀ ਖਾਸ ਕਰਕੇ ਮੇਰੀਆਂ ਨਿੱਘੀਆਂ ਯਾਦਾਂ ਵਿਚ ਹੈ।

ਉੱਥੋਂ ਤੁਰਨ ਲੱਗਿਆਂ ਮੈਂ ਸ਼ੁਕਰਾਨੇ ਦੇ ਢੁਕਵੇਂ ਲਫਜ਼ ਲੱਭਣ ਦੀ ਕੋਸ਼ਿਸ਼ ਕੀਤੀ। ਹੋਇਆ ਇਹ ਕਿ ਜਦੋਂ ਮੈਂ ਮਾਂ ਨੂੰ ਅਲਵਿਦਾ ਕਹਿ ਰਿਹਾ ਸਾਂ ਤਾਂ ਕਮਰੇ ਵਿਚ ਹੋਰ ਕੋਈ ਨਹੀਂ ਸੀ। ਮੈਨੂੰ ਪਤਾ ਸੀ ਕਿ ਮਾਂ ਲਈ ਇਸ ਨਾਲੋਂ ਜ਼ਿਆਦਾ ਖੁਸ਼ੀ ਦੇਣ ਵਾਲੀ ਕੋਈ ਗੱਲ ਨਹੀਂ ਹੋ ਸਕਦੀ ਕਿ ਉਸਨੂੰ ਉਸ ਦੇ ਬੇਟੇ ਬਾਰੇ ਕੁਝ ਚੰਗੇ ਲਫਜ਼ ਕਹੇ ਜਾਣ। ਤੇ ਭਾਵੇਂ ਗੰਭੀਰ ਮੁਲੰਕਣ ਕੀਤਿਆਂ ਮੈਂ ਉਸਦੀਆਂ ਯੋਗਤਾਵਾਂ ਨੂੰ ਬਿਲਕੁਲ ਸਾਧਾਰਨ ਜਿਹੀਆਂ ਸਮਝਦਾ ਸਾਂ, ਤਾਂ ਵੀ ਮੈਂ ਉਸਦੀ ਤਾਰੀਫ ਕਰਨੀ ਸ਼ੁਰੂ ਕਰ ਦਿੱਤੀ। ਮੈਂ ਮਾਂ ਨੂੰ ਇਹ ਦੱਸਣਾ ਸ਼ੁਰੂ ਕੀਤਾ ਕਿ ਉਸਦਾ ਬੇਟਾ ਬੜਾ ਅਗਾਂਹਵਧੂ ਕਵੀ ਹੈ ਜਿਹੜਾ ਹਮੇਸ਼ਾ ਭੱਖਦੇ ਮਾਮਲਿਆਂ ਬਾਰੇ ਲਿਖਦਾ ਹੈ।

ਹੋ ਸਕਦੈ ਉਹ ਅਗਾਹ ਵਧੂ ਕਵੀ ਹੋਵੇ। ਮਾਂ ਨੇ ਅਫਸੋਸੀ ਜਿਹੀ ਆਵਾਜ਼ ਵਿਚ ਮੈਨੂੰ ਟੋਕਿਆ, ਪਰ ਇਸ ਵਿਚ ਕਲਾ ਕੌਸ਼ਲਤਾ ਕੋਈ ਨਹੀਂ। ਹੋ ਸਕਦੈ ਕਿ ਉਸਦੀਆਂ ਕਵਿਤਾਵਾਂ ਅੱਜ ਦੇ ਭੱਖਦੇ ਮਸਲਿਆਂ ਬਾਰੇ ਹੁੰਦੀਆਂ ਹੋਣ, ਪਰ ਜਦੋਂ ਮੈਂ ਉਨ੍ਹਾਂ ਨੂੰ ਪੜ੍ਹਨ ਲੱਗਦੀ ਹਾਂ ਤਾਂ ਮੈਨੂੰ ਨੀਂਦ ਆਉਣ ਲੱਗ ਪੈਂਦੀ ਹੈ। ਜ਼ਰਾ ਸੋਚ, ਰਸੂਲ ਜਦੋਂ ਮੇਰਾ ਬੇਟਾ ਪਹਿਲੇ ਲਫਜ਼ ਉਚਾਰਣਾ ਸਿੱਖ ਰਿਹਾ ਸੀ, ਜਿਨ੍ਹਾਂ ਨੂੰ ਹੋਰ ਕੋਈ ਨਹੀਂ ਸੀ ਸਮਝ ਸਕਦਾ, ਮੈਂ ਏਨੀ ਖੁਸ਼ ਹੁੰਦੀ ਸਾਂ ਕਿ ਦੱਸ ਨਹੀਂ ਸਕਦੀ। ਅੱਜ ਜਦੋਂ ਕਿ ਉਸਨੇ ਨਾ ਸਿਰਫ ਬੋਲਣਾ ਸਗੋਂ ਕਵਿਤਾ ਲਿਖਣਾ ਵੀ ਸਿੱਖ ਲਿਆ ਹੈ ਤਾਂ ਮੈਨੂੰ ਬਿਲਕੁਲ ਕੋਈ ਖੁਸ਼ੀ ਨਹੀਂ ਹੁੰਦੀ। ਕਹਿੰਦੇ ਨੇ ਕਿ ਔਰਤ ਦੀ ਅਕਲ ਉਹਦੇ ਘੱਗਰੇ ਦੀ ਝਾਲਰ ਨਾਲ ਲੱਗੀ ਹੁੰਦੀ ਹੈ। ਜਦੋਂ ਉਹ ਬੈਠੀ ਹੁੰਦੀ ਹੈ ਤਾਂ ਇਹ ਮਹਿਫੂਜ਼ ਹੁੰਦੀ ਹੈ, ਪਰ ਜਿਉਂ ਹੀ ਉਹ ਉਠਦੀ ਹੈ ਇਹ ਜ਼ਮੀਨ ਉੱਤੇ ਡਿੱਗ ਪੈਂਦੀ ਹੈ। ਮੇਰੇ ਪੁੱਤ ਨਾਲ ਵੀ ਇਸੇ ਤਰ੍ਹਾਂ ਹੈ- ਜਦੋਂ ਉਹ ਖਾਣੇ ਦੇ ਮੇਜ਼ ਉੱਤੇ ਬੈਠਾ ਖਾ ਰਿਹਾ ਹੁੰਦਾ ਹੈ ਤਾਂ ਉਹ ਬੰਦਿਆਂ ਵਾਂਗ ਗੱਲ ਕਰਦਾ ਹੈ; ਮੈਂ ਉਸ ਨੂੰ ਸੁਣਦਿਆਂ ਕਦੀ ਨਹੀਂ ਥੱਕਦੀ, ਪਰ ਜਿਉਂ ਹੀ ਉਹ ਖਾਣੇ ਦੇ ਮੇਜ਼ ਤੋਂ ਉੱਠ ਕੇ ਲਿਖਣ ਵਾਲੇ ਮੇਜ਼ ਕੋਲ ਜਾਂਦਾ ਹੈ, ਉਹ ਆਪਣੀ ਸਾਰੀ ਸਾਦੀ ਤੇ ਚੰਗੀ ਬੋਲੀ ਭੁੱਲ ਜਾਂਦਾ ਹੈ ਤੇ ਸਿਰਫ ਸਖਤ ਜਿਹੀ, ਧੁੰਦਲੀ ਤੇ ਅਕਾਵੀਂ ਬੋਲੀ ਰਹਿ ਜਾਂਦੀ ਹੈ।

ਜਦੋਂ ਮੈਨੂੰ ਇਹ ਘਟਨਾ ਯਾਦ ਆਉਂਦੀ ਹੈ ਤਾਂ ਮੈਂ ਦੁਆ ਕਰਦਾ ਹਾਂ ਕਿ ਅੱਲਾ ਕਦੀ ਮੈਨੂੰ ਮੇਰੀ ਜ਼ੁਬਾਨ ਤੋਂ ਵਾਂਝਿਆਂ ਨਾ ਕਰੇ। ਮੈਂ ਇਸੇ ਤਰ੍ਹਾਂ ਨਾਲ ਲਿਖਣਾ ਚਾਹੁੰਦਾ ਹਾਂ ਕਿ ਮੇਰੀ ਸਾਰੀ ਕਵਿਤਾ, ਤੇ ਜੋ ਕੁਝ ਮੈਂ ਲਿਖਾਂ, ਮੇਰੀ ਮਾਂ ਨੂੰ ਤੇ ਮੇਰੀ ਭੈਣ ਨੂੰ ਪਹਾੜਾਂ ਵਿਚਲੇ ਹਰ ਬੰਦੇ ਨੂੰ ਤੇ ਉਸਦੇ ਪੜ੍ਹਨ ਵਾਲੇ ਹਰ ਬੰਦੇ ਨੂੰ ਸਮਝ ਆਵੇ ਤੇ ਪਿਆਰਾ ਲੱਗੇ। ਮੈਂ ਅਕਾਵੇਂਪਣ ਨੂੰ ਨਹੀਂ ਜਨਮ ਦੇਣਾ ਚਾਹੁੰਦਾ। ਮੈਂ ਖੁਸ਼ੀ ਦੇਣਾ ਚਾਹੁੰਦਾ ਹਾਂ। ਜੇ ਮੇਰੀ ਜ਼ੁਬਾਨ ਭੈੜੀ ਹੋ ਜਾਂਦੀ ਹੈ, ਤੇ ਠੰਡੀ ਪੈ ਜਾਂਦੀ ਹੈ, ਸਮਝ ਨਹੀਂ ਆਉਂਦੀ ਤੇ ਅਕਾਵੀ ਹੋ ਜਾਂਦੀ ਹੈ- ਮਤਲਬ ਕੀ ਕਿ ਜੇ ਮੈਂ ਆਪਣੀ ਜ਼ਬਾਨ ਖਰਾਬ ਕਰ ਲੈਂਦਾ ਹਾਂ ਤਾਂ ਇਹ ਮੇਰੀ ਜ਼ਿੰਦਗੀ ਵਿਚ ਵਾਪਰਣ ਵਾਲੀ ਸਭ ਤੋਂ ਵੱਧ ਭਿਆਨਕ ਚੀਜ਼ ਹੋਵੇਗੀ।

ਜਦੋਂ ਮੈਂ ਛੋਟਾ ਹੁੰਦਾ ਸਾਂ ਤਾਂ ਜਦੋਂ ਸਾਡੀ ਆਉਲ ਦੇ ਬੰਦੇ ਮਸੀਤ ਦੇ ਨੇੜੇ ਭਾਈਚਾਰਕ ਮਸਲਿਆਂ ਨੂੰ ਵਿਚਾਰਨ ਲਈ ਜੁੜਿਆ ਕਰਦੇ ਸਨ, ਤਾਂ ਮੈਂ ਉਨ੍ਹਾਂ ਨੂੰ ਆਪਣੇ ਪਿਤਾ ਦੀਆਂ ਕਵਿਤਾਵਾਂ ਪੜ੍ਹ ਕੇ ਸੁਣਾਉਂਦਾ



Sri Satguru Jagjit Singh Ji Elibrary NamdhariElibrary@gmail.com

ਹੁੰਦਾ ਸਾਂ। ਮੈਂ ਬੱਚਾ ਜਿਹਾ ਹੀ ਸਾਂ, ਨਿੱਕਾ ਜਿਹਾ, ਪਰ ਮੈਂ ਵੱਧ ਤੋਂ ਵੱਧ, ਸਗੋਂ ਲੋੜ ਤੋਂ ਵੱਧ ਜ਼ੋਰ ਲਾ ਕੇ, ਉੱਚੀ ਸਾਰੀ ਆਵਾਜ਼ ਵਿਚ ਉਨ੍ਹਾਂ ਲਫ਼ਜ਼ਾਂ ਤੇ ਆਵਾਜ਼ਾਂ ਉੱਪਰ ਖਾਸ ਜ਼ੋਰ ਦੇ ਕੇ ਪੜ੍ਹਦਾ ਹੁੰਦਾ ਸਾਂ, ਜਿਹੜੇ ਮੈਨੂੰ ਖੁਸ਼ੀ ਦੇਂਦੇ ਸਨ। ਮਿਸਾਲ ਵਜੋਂ ਜਦੋਂ ਮੈਂ ਪਿਤਾ ਜੀ ਦੀ ਨਵੀਂ ਕਵਿਤਾ "ਤਸਾਦਾ ਵਿਚ ਭੇੜੀਏ ਦਾ ਸ਼ਿਕਾਰ" ਪੜ੍ਹੀ ਤਾਂ ਮੈਂ 'ਤੱਸ' ਆਵਾਜ਼ ਵਾਲੇ ਸਾਰੇ ਲਫ਼ਜ਼ਾਂ ਨੂੰ ਇਸ ਤਰ੍ਹਾਂ ਦੰਦਾਂ ਵਿਚ ਪੀਹ ਕੇ ਕੱਢਦਾ ਸਾਂ ਕਿ ਉਹ ਥਿਰਕਣ ਪੈਦਾ ਕਰਕੇ ਝਨਕਾਰ ਦੇ ਕੇ ਤੇ ਕੰਨਾਂ ਨੂੰ ਆ ਕੇ ਵੱਜਦੇ ਸਨ। ਮੈਨੂੰ ਲੱਗਦਾ ਸੀ ਕਿ ਇਸ ਤਰ੍ਹਾਂ ਮੂੰਹ ਵੱਟ ਕੇ ਤੇ ਜ਼ੋਰ ਦੇ ਕੇ ਲਫ਼ਜ਼ ਕੱਢਣਾ ਮੇਰੇ ਉਚਾਰਣ ਦੇ ਪ੍ਰਭਾਵਸ਼ਾਲੀ ਹੋਣ ਵਿਚ ਵਾਧਾ ਕਰਦਾ ਸੀ।

ਪਿਤਾ ਜੀ ਮੈਨੂੰ ਹਰ ਵਾਰੀ ਇਹ ਕਹਿ ਕੇ ਠੀਕ ਕਰਦੇ, "ਕੀ ਲਫ਼ਜ਼ ਕੋਈ ਅਖਰੋਟ ਹੈ ਕਿ ਉਸਨੂੰ ਦੰਦਾਂ ਹੇਠ ਤੋੜਨਾ ਤੇ ਪੀਹਣਾ ਜ਼ਰੂਰੀ ਹੋਵੇ? ਕੀ ਇਹ ਕੋਈ ਲਸਣ ਹੈ ਕਿ ਇਸਨੂੰ ਕੂੰਡੀ ਡੰਡੇ ਵਿਚ ਪੀਸਿਆ ਜਾਏ? ਕੀ ਇਹ ਕੋਈ ਖੁਸ਼ਕ ਪਥਰੀਲੀ ਜ਼ਮੀਨ ਹੈ ਕਿ ਇਸਨੂੰ ਭਾਰੀ ਹਲ ਨਾਲ ਤੇ ਬਹੁਤ ਸਾਰਾ ਜ਼ੋਰ ਲਾ ਕੇ ਵਾਹਿਆ ਜਾਏ? ਤੈਨੂੰ ਆਪਣੇ ਸ਼ਬਦ ਵਰਨ-ਵਰਨ ਬੋਲਣੇ ਚਾਹੀਦੇ ਨੇ, ਆਰਾਮ ਨਾਲ, ਬਿਨਾਂ ਕਿਲ੍ਹਿਆਂ ਤਾਂ ਕਿ ਦੰਦ ਨਾ ਵੱਜਣ।"

ਮੈਂ ਮੁੜ ਕੇ ਸ਼ੁਰੂ ਕਰਦਾ, ਪਰ ਕੋਈ ਖਾਸ ਬਿਹਤਰੀ ਨਾ ਆਉਂਦੀ। ਮੇਰੀ ਮਾਂ ਉਸ ਵੇਲੇ ਛੱਤ ਤੇ ਖੜੀ ਸੀ। ਸ਼ਾਇਦ ਤੁਹੀਉਂ ਇਹਨੂੰ ਕੁਝ ਸਿਖਾ ਸਕੇਂ, ਪਿਤਾ ਜੀ ਨੇ ਮਾਂ ਨੂੰ ਚੀਖ ਕੇ ਕਿਹਾ। ਮੈਨੂੰ ਮੁਸ਼ਕਲ ਲੱਗਦੇ ਲਫ਼ਜ਼ ਮਾਂ ਨੇ ਇਸ ਤਰ੍ਹਾਂ ਉਚਾਰੇ ਜਿਸ ਤਰ੍ਹਾਂ ਪਿਤਾ ਜੀ ਚਾਹੁੰਦੇ ਸਨ।

"ਸੁਣਦੇ? ਚੱਲ ਹੁਣ ਤੂੰ।"

ਫਿਰ ਵੀ ਮੇਰੇ ਕੋਈ ਫਰਕ ਨਾ ਪਿਆ।

"ਹੱਤ ਤੇਰੀ। ਪਿਤਾ ਜੀ ਗੁੱਸੇ ਵਿਚ ਬੋਲੇ।" ਜਦੋਂ ਜਲਾਕੂਰਾ ਦਾ ਇਕ ਬੰਦਾ ਤੇਰੇ ਵਾਂਗ ਲਫ਼ਜ਼ ਵਿਗਾੜ ਕੇ ਬੋਲ ਰਿਹਾ ਸੀ ਤਾਂ ਮੈਂ ਉਸਨੂੰ ਝਾੜੂ ਨਾਲ ਕੁੱਟਿਆ ਸੀ। ਪਰ ਮੈਂ ਆਪਣੇ ਮੁੰਡੇ ਦਾ ਕੀ ਕਰਾਂ?

ਪਿਤਾ ਜੀ ਨੇ ਜਲਾਕੂਰਾ ਦੇ ਬੰਦੇ ਨੂੰ ਕਿਵੇਂ ਕੁਟਾਪਾ ਚੇੜਿਆ?

ਇਹ ਬਹਾਰ ਦੇ ਇਕ ਦਿਨ ਦੀ ਗੱਲ ਹੈ। ਜਿਵੇਂ ਕਿ ਸਾਰੇ ਜਾਣਦੇ ਨੇ, ਬਸੰਤ ਵਿੱਚ ਪਿਛਲੀ ਫਸਲ ਦੇ ਸਾਰੇ ਭੰਡਾਰ ਖਤਮ ਹੋ ਚੁੱਕੇ ਹੁੰਦੇ ਹਨ, ਪਰ ਨਵੀਂ ਫਸਲ ਅਜੇ ਆਈ ਨਹੀਂ ਹੁੰਦੀ। ਬਸੰਤ ਵਿਚ ਮੰਡੀ ਦੀਆਂ ਕੀਮਤਾਂ ਪਤਝੱੜ ਨਾਲੋਂ ਜ਼ਿਆਦਾ ਹੁੰਦੀਆਂ ਹਨ। ਮਿੱਟੀ ਦੇ ਭਾਂਡੇ ਵੀ ਮਹਿੰਗੇ ਹੋ ਜਾਂਦੇ ਹਨ, ਹਾਲਾਂ ਕਿ ਇਹ ਖੇਤਾਂ ਵਿਚ ਨਹੀਂ ਉੱਗਦੇ।

ਪਿਤਾ ਜੀ ਉਦੋਂ ਨੌਜਵਾਨ ਸਨ। ਉਨ੍ਹਾਂ ਬਾਜ਼ਾਰ ਜਾਣ ਦਾ ਫੈਸਲਾ ਕੀਤਾ। ਗੁਆਂਢੀ ਨੇ ਉਨ੍ਹਾਂ ਨੂੰ ਕਿਹਾ ਕਿ ਮੇਰੇ ਲਈ ਝਾੜੂ ਖਰੀਦ ਲਿਆਈਂ, ਤੇ ਇਸ ਵਾਸਤੇ ਉਹਨਾਂ ਨੂੰ ਵੀਹ ਕੋਪੇਕ ਦੇ ਦਿੱਤੇ।

"ਜੇ ਸਸਤਾ ਮਿਲ ਗਿਆ ਤਾਂ ਬਾਕੀ ਪੈਸੇ ਆਪ ਹੀ ਰੱਖ ਲਈਂ", ਉਸਨੇ ਨੌਜਵਾਨ ਹਮਜ਼ਾਤ ਨੂੰ ਤੁਰਦੇ ਨੂੰ ਕਿਹਾ।

ਜਲਦੀ ਹੀ ਇਕ ਝਾੜੂ ਵੇਚਣ ਵਾਲਾ ਮਿਲ ਗਿਆ, ਤੇ ਸੌਦਾ ਸ਼ੁਰੂ ਹੋਇਆ। ਸਾਰੇ ਲੋਕ ਜਾਣਦੇ ਨੇ ਕਿ ਪੂਰਬੀ ਬਾਜ਼ਾਰ ਵਿਚ ਦੱਸੀ ਗਈ ਪਹਿਲੀ ਕੀਮਤ ਦੀ ਕੋਈ ਮਹੱਤਤਾ ਨਹੀਂ ਹੁੰਦੀ। ਪੰਜ ਕੋਪੇਕ ਦੀ ਚੀਜ਼ ਲਈ ਤੁਹਾਥੋਂ ਸੌ ਰੂਬਲ ਵੀ ਮੰਗਿਆ ਜਾ ਸਕਦਾ ਹੈ।

ਪਿਤਾ ਜੀ ਨੇ ਚੰਗਾ ਮੋਟਾ ਝਾੜੂ ਲਿਆ ਤੇ ਪੁੱਛਣ ਲੱਗੇ ਵੇਚਣਾ ਈ?

"ਮੈਂ ਖੜਾ ਏਥੇ ਕਾਹਦੇ ਲਈ ਹਾਂ?"

"ਕਿੰਨੇ ਪੈਸੇ?"

"ਚਾਲੀ ਕੋਪੇਕ।"

"ਝਾੜੂ ਵੀ ਕੋਈ ਘੋੜਾ ਹੁੰਦੈ ਕਿ ਏਨੀ ਜ਼ਿਆਦਾ ਕੀਮਤ ਤੇ ਸੌਦਾ ਕਰਨਾ ਸ਼ੁਰੂ ਕੀਤਾ ਜਾਏ? ਠੀਕ ਠੀਕ ਕੀਮਤ ਦੱਸ ਤੇ ਗੱਲ ਖਤਮ ਕਰ।"

"ਚਾਲੀ ਕੋਪੇਕ।"

"ਮਜ਼ਾਕ ਛੱਡ"

"ਚਾਲੀ ਕੋਪੇਕ"

"ਮੈਂ ਵੀਹ ਕੋਪੇਕ ਦਿਆਂਗਾ"

"ਚਾਲੀ ਕੋਪੇਕ"

"ਮੇਰੇ ਕੋਲ ਸੱਚ ਇਸ ਨਾਲੋਂ ਜ਼ਿਆਦਾ ਪੈਸੇ ਨਹੀਂ।"

"ਜਦੋਂ ਹੋਏ ਆ ਜਾਈਂ।"

ਇਹ ਦੇਖਦਿਆਂ ਕਿ ਝਾੜੂ ਤਾਂ ਖਰੀਦਿਆਂ ਨਹੀਂ ਜਾਣਾ, ਪਿਤਾ ਜੀ ਨੇ ਬਾਜ਼ਾਰ ਦਾ ਚੱਕਰ ਲਾਉਣਾ ਸ਼ੁਰੂ ਕਰ ਦਿੱਤਾ, ਤੇ ਜਲਦੀ ਹੀ ਉਨ੍ਹਾਂ ਦੀ ਨਜ਼ਰ ਭੀੜ ਉੱਤੇ ਪਈ ਜਿਹੜੀ ਦੁਕਾਨਾਂ ਦੀ ਕਤਾਰ ਦੇ ਨੇੜੇ ਜ਼ਰਾ ਕੁ ਉੱਚੀ ਥਾਂ ਉੱਤੇ ਜਮਾ ਹੋਈ ਹੋਈ ਸੀ। ਉਹ ਉੱਥੇ ਪੁੱਜੇ ਤੇ ਮੋਢੇ-ਮਾਰਦੇ ਮਾਰ ਕੇ ਅੱਗੇ ਜਾ ਪਹੁੰਚੇ। ਉਹਨਾਂ ਦੇਖਿਆ ਕਿ ਲੋਕ ਮਹਿਮੂਦ ਭੱਟ ਨੂੰ ਸੁਣ ਰਹੇ ਹਨ।

ਮਹਿਮੂਦ ਪਾਂਡੂ ਹੱਥ ਵਿਚ ਫੜੀ ਭੀੜ ਦੇ ਵਿਚਕਾਰ



Sri Satguru Jagjit Singh Ji Elibrary NamdhariElibrary@gmail.com

ਬੈਠਾ ਸੀ। ਕਦੀ ਉਹ ਤਾਰਾਂ ਨੂੰ ਟੁਣਕਾਉਣ ਲੱਗ ਜਾਂਦਾ, ਕਦੀ ਆਪਣਾ ਹੱਥ ਤਾਰਾਂ ਉੱਤੇ ਰੱਖ ਲੈਂਦਾ ਤੇ ਗਾਉਣਾ ਸ਼ੁਰੂ ਕਰ ਦੇਂਦਾ। ਸਾਰੇ ਸਾਹ ਰੋਕੀ ਉਸਨੂੰ ਸੁਣ ਰਹੇ ਸਨ, ਇੱਥੋ ਤੱਕ ਕਿ ਆਪਣੇ ਮੱਖੀਆਂ ਵਾਲੇ ਕੰਮ ਲਈ ਆਈ ਮੰਡੀ ਵਿਚ ਉਡਦੀ ਫਿਰਦੀ ਮੱਖੀ ਦੀ ਆਵਾਜ਼ ਵੀ ਸੁਣੀ ਜਾ ਸਕਦੀ ਸੀ। ਇਕ ਨੌਜਵਾਨ ਨੂੰ ਗਾਣੇ ਦੇ ਦੌਰਾਨ ਖੰਘ ਆ ਗਈ, ਤਾਂ ਇਕ ਬਜ਼ੁਰਗ ਪਹਾੜੀਏ ਨੇ ਜਿਹੜਾ ਖੰਘਣ ਵਾਲੇ ਦਾ ਪਿਓ ਲੱਗਦਾ ਸੀ, ਉਸਨੂੰ ਉਸੇ ਵੇਲੇ ਬਾਹਰ ਭੇਜ ਦਿੱਤਾ।

ਇਹੋ ਜਿਹੀ ਚੁੱਪ ਵਿਚ, ਜਦੋਂ ਮਹਿਮੂਦ ਦੇ ਗਾਣੇ ਤੋਂ ਸਿਵਾ ਇਕ ਆਵਾਜ਼ ਵੀ ਨਹੀਂ ਸੀ ਸੁਣਾਈ ਦਿੰਦੀ, ਜਲਾਤੂਰੀ ਦੇ ਇਕ ਬੰਦੇ ਨੇ ਆਪਣੇ ਨਾਲ ਦੇ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ। ਆਮ ਕਰਕੇ ਉਸ ਦੀ ਮਨਸ਼ਾ ਬੜੀ ਚੰਗੀ ਸੀ। ਨਾਲ ਦੇ ਬੰਦੇ ਨੂੰ ਆਵਾਰ ਬੋਲੀ ਦਾ ਇਕ ਲਫਜ਼ ਨਹੀਂ ਸੀ ਸਮਝ ਆਉਂਦਾ, ਇਸ ਲਈ ਜਲਾਤੂਰੀ ਦਾ ਬੰਦਾ ਉਸ ਨੂੰ ਲਫ਼ਜ਼ਾਂ ਦੇ ਅਰਥ ਕਰ ਕਰ ਕੇ ਦੱਸ ਰਿਹਾ ਸੀ। ਮੁਸੀਬਤ ਇਹ ਸੀ ਕਿ ਉਸਦੇ ਬੁਲ੍ਹਾਂ ਵਿਚੋਂ ਨਿਕਲੀ ਲਫ਼ਜ਼ਾਂ ਦੀ ਨਿਰੰਤਰ ਲੜੀ ਸੁਨਣ ਵਾਲਿਆਂ ਦਾ ਧਿਆਨ ਉਚਾਟ ਕਰਦੀ ਸੀ ਤੇ ਉਹਨਾਂ ਦੀ ਖੁਸ਼ੀ ਭੰਗ ਕਰਦੀ ਸੀ।

ਨੌਜਵਾਨ ਹਮਜ਼ਾਤ (ਮੇਰੇ ਭਵਿੱਖ ਵਿਚ ਬਨਣ ਵਾਲੇ ਪਿਤਾ) ਨੂੰ ਜਲਾਤੂਰਾ ਦੇ ਬੰਦੇ ਦੇ ਵਿਹਾਰ ਤੇ ਗੁੱਸਾ ਆ ਗਿਆ। ਉਸਨੇ ਉਸਦੀ ਬਾਂਹ ਖਿੱਚੀ ਪਰ ਕੋਈ ਫਾਇਦਾ ਨਾ ਹੋਇਆ। ਫਿਰ ਉਸਨੇ ਉਸਨੂੰ ਕੰਨ ਵਿਚ ਕਿਹਾ ਕਿ ਚੁੱਪ ਕਰ ਜਾ, ਪਰ ਉਸ ਨੇ ਕੋਈ ਧਿਆਨ ਨਾ ਦਿੱਤਾ। ਪ੍ਰੇਸ਼ਾਨੀ ਵਿਚ ਹਮਜ਼ਾਤ ਨੇ ਚਾਰ ਚੁਫੇਰੇ ਨਜ਼ਰ ਮਾਰੀ ਤੇ ਦੇਖਿਆ ਕਿ ਝਾੜੂ ਵੇਚਣ ਵਾਲਾ ਵੀ ਗਾਣਾ ਸੁਨਣ ਲਈ ਕੋਲ ਆ ਗਿਆ ਹੈ। ਪਿਤਾ ਜੀ ਨੱਠਦੇ ਹੋਏ ਉਸ ਕੋਲ ਗਏ, ਉਸ ਕੋਲੋਂ ਸਭ ਤੋਂ ਵੱਡਾ ਝਾੜੂ ਫੜ ਲਿਆ ਤੇ ਉਸ ਨਾਲ ਜਲਾਤੂਰਾ ਦੇ ਅਸਹਿ ਬੰਦੇ ਨੂੰ ਕੁਟਣਾ ਸ਼ੁਰੂ ਕਰ ਦਿੱਤਾ।

ਜਲਾਤੂਰਾ ਵਾਲਾ ਪਿੱਛੇ ਹਟਦਾ ਹੋਇਆ ਹਮਜ਼ਾਤ ਨੂੰ ਧਮਕੀਆਂ ਦੇਂਦਾ ਰਿਹਾ ਪਰ ਮੇਰੇ ਪਿਤਾ ਨੂੰ ਏਨਾ ਗੁੱਸਾ ਚੜ੍ਹਿਆ ਹੋਇਆ ਸੀ ਕਿ ਉਹਨਾਂ ਨੇ ਉਸਦੀਆਂ ਧਮਕੀਆਂ ਨੂੰ ਸੁਣਿਆ ਤੱਕ ਨਾ ਤੇ ਆਖਰ ਗੀਤ ਸੁਨਣ ਵਿਚ ਵਿਘਨ ਪਾਉਣ ਵਾਲੇ ਉੱਥੋਂ ਨਠਾ ਦਿੱਤਾ। ਫਿਰ ਪਿਤਾ ਜੀ ਝਾੜੂਆਂ ਵਾਲੇ ਨੂੰ ਝਾੜੂ ਵਾਪਸ ਕਰਨ ਗਏ।

"ਰੱਖ ਲੈ ਹੁਣ ਤੂੰਹੀਓਂ।"

"ਪਰ ਮੇਰੇ ਕੋਲ ਸਿਰਫ ਵੀਹ ਕੋਪੇਕ ਨੇ, ਤੇ ਤੂੰ ਚਾਲੀ ਮੰਗਦੈਂ।"

"ਜਾ ਐਵੇਂ ਲੈ ਜਾ। ਤੂੰ ਜੋ ਕੀਤੈ ਉਹ ਮੇਰੀਆਂ ਸਾਰੀਆਂ ਚੀਜ਼ਾਂ ਨਾਲੋਂ ਮਹਿੰਗੈ।"

ਅੱਜ ਦੁਨੀਆਂ ਵਿਚ ਬੜੇ ਨੇ, ਜਿਹੜੇ ਜਲਾਤੂਰਾ ਦੇ ਬੰਦੇ ਵਾਂਗ ਲੋਕਾਂ ਦੇ ਗੀਤ ਮਾਨਣ ਵਿਚ ਵਿਘਨ ਪਾਉਂਦੇ ਨੇ। ਉਹਨਾਂ ਦੀ ਗਿਣਤੀ ਵੱਧ ਗਈ ਹੈ ਪਰ ਅਫਸੋਸ ਦੀ ਗੱਲ ਹੈ ਕਿ ਨਾ ਹੀ ਉਹਨਾਂ ਨੂੰ ਭੁਟਾਪਾ ਚਾੜ੍ਹਣ ਲਈ ਕੋਈ ਝਾੜੂ ਹੈ, ਤੇ ਨਾ ਹੀ ਉਸ ਝਾੜੂ ਨੂੰ ਵਰਤਣ ਵਾਲਾ ਕੋਈ ਬੰਦਾ ਹੈ।

---

('ਮੇਰਾ ਦਾਗਿਸਤਾਨ' 'ਚੋਂ ਧੰਨਵਾਦ ਸਹਿਤ)


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA

Sector: 22 - C, Chandigarh,
Ph.: 2700045-48 Fax : 0172-2700051
E-mail : hotelaroma@glide.net.in
Website : www.hotelaroma.com

*Metres and metres of endless possibilities*

Premium Event Centre
Millennium Centre
Deliberations
Abhinandan
Exporama
Mind Set
Art Craft
Phulkari




Sri Satguru Jagjit Singh Ji Elibrary NamdhariElibrary@gmail.com

## ਸੋਰਠਿ ਸਦਾ ਸੋਹਾਵਣੀ

ਜਸਵੰਤ ਸਿੰਘ ਵਿਰਦੀ

ਸੱਚੀ ਪ੍ਰੀਤ ਦੀ ਸਿਫ਼ਤ ਸਲਾਹ ਅਵੱਸ਼ ਹੁੰਦੀ ਹੈ, ਭਾਵੇਂ ਕਿ ਪਹਿਲਾਂ ਪਹਿਲ ਸਮਾਜ ਸਚ ਦੇ ਪ੍ਰੇਮੀਆਂ ਨੂੰ ਸਵੀਕਾਰ ਨਹੀਂ ਕਰਦਾ। ਜਿਵੇਂ ਕਿ ਲੋਕਾਂ ਨੇ ਬੀਜਾ ਨਾਲ ਮੇਰੀ ਪ੍ਰੀਤ ਨੂੰ ਸਵੀਕਾਰ ਨਹੀਂ ਸੀ ਕੀਤਾ। ਪਰ ਸੱਚੀ ਪ੍ਰੀਤ ਦੀ ਕਦਰ ਜ਼ਰੂਰ ਹੁੰਦੀ ਹੈ।

ਉਦੋਂ ਮੈਂ ਆਪਣੇ ਆਪ ਨੂੰ ਕਿੰਨੀ ਵਡਭਾਗਣ ਸਮਝਿਆ ਸੀ ਜਦੋਂ ਬਾਬਾ ਨਾਨਕ ਜੀ ਨੇ ਮੇਰੇ ਨਾਮ ਵਾਲੀ ਧਰਤੀ ਤੇ ਆਪਣੇ ਪਵਿੱਤਰ ਚਰਣ ਪਾਏ ਸਨ।

ਮੈਂ ਬਾਬਾ ਜੀ ਦੀ ਚਰਨ ਧੂੜ ਨੂੰ ਮਸਤਕ ਨਾਲ ਲਾ ਕੇ ਧੰਨਤਾਯੋਗ ਹੋ ਗਈ ਸਾਂ।

ਇਸੇ ਤਰ੍ਹਾਂ ਹੀ ਧਰਤੀ ਮਾਂ ਅਤੇ ਉਨ੍ਹਾਂ ਦੇ ਨਿਵਾਸੀਆਂ ਦਾ ਨਸੀਬਾ ਜਾਗਦਾ ਹੈ। ਮੇਰੀ ਇਹ ਚਿਰੋਕਣੀ ਤਾਂਘ ਸੀ ਕਿ ਆਸਾ ਦੇਸ ਦੇ ਬਾਬਾ ਨਾਨਕ ਜੀ ਕਦੀ ਤਾਂ ਇੱਧਰ ਵੀ ਆਉਣਗੇ ਹੀ। ਮੇਰੀ ਇਹ ਖਾਹਿਸ਼ ਪੂਰੀ ਹੋਈ ਤਾਂ ਹੋਰ ਕੋਈ ਖਾਹਿਸ਼ ਹੀ ਨਾ ਰਹੀ। ਮੇਰੀ ਕਥਾ ਵੀ ਅਮਰ ਹੋ ਗਈ। ਫੇਰ ਸੋਰਠਿ ਕੀ ਧਰਤੀ ਜਾਇ ਨਿਕਲੇ।

ਤਬ ਮਰਦਾਨੇ ਕਹਿਆ ਕਿ, 'ਬਾਬਾ ਨਾਨਕ ਜੀ! ਏਹ ਕਵਣੁ ਧਰਤੀ ਹੈ ਜੀ?'

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ 'ਮਰਦਾਨਿਆ ਓਹੁ ਜਿ ਸੋਰਠਿ ਰਾਗੁ ਗਾਈਤਾ ਹੈ ਤੇਰੀ ਧਰਤੀ ਮਹਿ ਸਿ ਏਹੁ ਸੋਰਠਿ ਕਾ ਦੇਸੁ ਹੈ।'

ਤਬ ਮਰਦਾਨੇ ਕਹਿਆ ਜਿ, 'ਜੀ, ਸੋਰਠਿ ਓਹਾ ਹੈ ਜਿ ਬੀਜੇ ਵਾਲੀ ਆਖੀ ਦੀ ਹੈ?'

ਇਹ ਮੇਰਾ ਪ੍ਰਸੰਗ ਚੱਲ ਰਿਹਾ ਸੀ।

ਮਰਦਾਨਾ ਵੀ ਮੇਰੀ ਪ੍ਰੀਤ ਕਥਾ ਤੋਂ ਜਾਣੂੰ ਸੀ।

ਮੇਰੇ ਮਨ ਵਿਚ ਉਤਸੁਕਤਾ ਭਰ ਗਈ ਸੀ ਕਿ ਬਾਬਾ ਜੀ ਮੇਰੇ ਪ੍ਰਸੰਗ ਬਾਰੇ ਕੀ ਕਹਿੰਦੇ ਹਨ। ਕਿਉਂਕਿ ਉਹ ਸੱਚ ਕਹਿੰਦੇ ਸਨ। ਜੋ ਬਾਬਾ ਜੀ ਨੇ ਕਿਹਾ, ਉਹਨੂੰ ਸੁਣ ਕੇ ਮੇਰਾ ਤਨ ਮਨ ਸ਼ੁਕਰਾਨੇ ਨਾਲ ਭਰ ਗਿਆ ਸੀ।

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, 'ਮਰਦਾਨਿਆ ਓਹਾ ਜੀ ਬੀਜੇ ਵਾਲੀ ਏਹੁ ਸੋਰਠਿ ਹੈ।' ਤਬ ਮਰਦਾਨੇ ਕਹਿਆ, ਕਹੈ, 'ਜੀ, ਸੋਰਠਿ ਏਹਾ ਸੋਰਠਿ ਵਲਾਇਤਿ ਘਰੁ ਰਾਗ ਹੈ, ਏਹਿ ਏਨੈ ਕੀ ਏ ਹੈ ਕਿ ਨਾ, ਏਹੁ ਰਾਗੁ ਧਰਤੀ ਅਗੇ ਹੀ ਥੇ ਕਿ ਸੋਰਠਿ ਹੀ ਤੇ ਲੈ ਕਰਿ ਹੋਇ?'

ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਜਿ 'ਮਰਦਾਨਿਆ, ਸੋਰਠਿ ਕੀ ਧਰਤੀ ਅਗੇ ਹੀ ਹੈ, ਓਦੂ ਸੋਰਠਿਅਹੁ ਘਰੁ ਸੋਰਠਿ ਰਾਗੁ ਭੀ ਅਗੇ ਹੀ ਹੈ। ਅਰੁ ਏਸੈ ਸੋਰਠਿ ਕੀ ਧਰਤੀ ਮਹਿ ਸੋਰਠਿ ਹੋਈ, ਤਿਸ ਕਾ ਪ੍ਰੇਮੁ ਏਸੇ ਸੋਰਠਿ ਰਾਗੁ ਸਿਉ ਹੋਆ॥ ਤਬ ਸੋਰਠਿ ਧਰਤੀ ਕਰਿ ਕਰਿ ਸੋਰਠਿ ਜਨਮੀ, ਸੋਰਠਿ ਰਾਗ ਕਾ ਹੇਤੁ ਕਰਿ ਕਰਿ ਇਤਨੀ ਇਨਕਾ ਏਕੋ ਨਾਮ ਹੋਇ ਗਇਆ।'

ਇਸ ਵਿਆਖਿਆ ਨੂੰ ਸੁਣਕੇ ਭਾਈ ਮਰਦਾਨਾ ਪ੍ਰਸੰਨ ਹੋ ਗਿਆ ਸੀ। ਇਸ ਵਿਆਖਿਆ ਨਾਲ ਮੈਨੂੰ ਵੀ ਖੁਸ਼ੀ ਹੋਈ ਸੀ। ਬਾਬਾ ਜੀ ਨੇ ਸੋਰਠਿ ਰਾਗ, ਧਰਤੀ ਅਤੇ ਮੈਨੂੰ ਇਕਮਿਕ ਕਰ ਦਿੱਤਾ ਸੀ।

ਇਸ ਵਿਆਖਿਆ ਨੂੰ ਸੁਣ ਕੇ ਹੀ ਭਾਈ ਮਰਦਾਨੇ ਨੇ ਬਾਬਾ ਜੀ ਨੂੰ ਕਿਹਾ ਸੀ, 'ਧੰਨਿ ਜੀ ਤੂੰ ਬਾਬਾ ਨਾਨਕ! ਜੀਆ ਕਾ ਜਾਨਣਹਾਰੁ! ਜੀ ਅਗੈ ਕੋਇ ਕਿਛੁ ਕਹਦਾ, ਕੋਈ ਕਿਛੁ ਕਹਦਾ, ਅਬ ਏਹੁ ਬਾਤ ਪਾਈ ਜੀ ਤੇਰੇ ਪਰਸਾਦਿ।'

ਭਾਈ ਮਰਦਾਨੇ ਦੇ ਸਿਦਕ ਨੂੰ ਵੇਖ ਕੇ ਬਾਬਾ ਜੀ ਨੇ ਪ੍ਰਸੰਨ ਭਾਵ ਨਾਲ ਉਸ ਨੂੰ ਆਦੇਸ਼ ਦਿੱਤਾ ਸੀ, 'ਮਰਦਾਨਿਆ, ਕਰੁ ਦਖਾ ਸੋਰਠਿ ਰਾਗ।'

ਭਾਈ ਮਰਦਾਨੇ ਨੇ ਬਾਬਾ ਜੀ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਸੋਰਠਿ ਰਾਗ ਦਾ ਅਲਾਪ ਕੀਤਾ ਤਾਂ ਬਾਬਾ ਜੀ ਨੇ ਸਦਾ ਸੱਚ ਰਹਿਣ ਵਾਲੀ ਗੱਲ ਆਪਣੇ ਮੁਖਾਰਬਿੰਦ ਤੋਂ ਕਹੀ ਸੀ।

ਉਹ ਗੱਲ ਬਾਬਾ ਜੀ ਨੇ ਮਰਦਾਨੇ ਦੀ ਗੱਲ ਸੁਣ ਕੇ ਕਹੀ ਸੀ, ਜਦੋਂ ਮਰਦਾਨੇ ਨੇ ਸੋਰਠਿ ਬਾਰੇ ਅਰਥਾਤ ਆਪਣੇ ਵਿਚਾਰ ਪ੍ਰਗਟਾਏ ਸਨ :

'ਰਾਗ ਤਾਂ ਸਭਿ ਭਲੇ ਹੈਨਿ ਪਰੁ ਜੀ ਸੋਰਠਿ ਰਾਗੁ
ਸਭਨਾਂ ਰਾਗਾਂ ਮਹਿ ਖਰਾ ਸੋਹਾਵਣਾ ਰਾਗੁ ਹੈ।'

ਬਾਬਾ ਜੀ ਨੇ ਕਿਹਾ ਸੀ, 'ਮਰਦਾਨਿਆ, ਤੂੰ ਜਾਣਦਾ ਹੈਂ ਸੋਰਠਿ ਰਾਗੁ ਕ੍ਰਿਉ ਸੋਹਾਵਣਾ ਲੱਗਦਾ ਹੈ?'



Sri Satguru Jagjit Singh Ji Elibrary NamdhariElibrary@gmail.com

ਮਰਦਾਨਾ ਕਹੇ, 'ਜੀ, ਨਾਹੀ ਜਾਣਦਾ, ਜਿਉਂ ਹੈ, ਤਿਉ ਕਹਿ ਸੁਣਾਈਐ।'

ਮੈਨੂੰ ਉਤਸੁਕਤਾ ਨੇ ਘੇਰ ਲਿਆ ਕਿ ਬਾਬਾ ਜੀ ਮੇਰੇ ਬਾਰੇ ਕੀ ਕਹਿਣਗੇ?

ਬਾਬਾ ਜੀ ਅੰਤਰਜਾਮੀ ਸਨ।

ਬਾਬਾ ਜੀ ਘਟ ਘਟ ਕੀ ਜਾਨਣ ਵਾਲੇ ਸਨ।

ਉਨ੍ਹਾਂ ਨੇ ਕਦੀ ਵੀ ਕੋਈ ਗੈਰ ਗੰਭੀਰ ਗੱਲ ਨਹੀਂ ਸੀ ਕਹੀ। ਕੁਦਰਤ ਦੀ ਹਰੇਕ ਸਿਰਜਣਾ ਦਾ ਬਾਬਾ ਜੀ ਦੇ ਮਨ ਵਿਚ ਆਦਰ ਮਾਣ ਸੀ।

ਤਦ, ਗੁਰੂ ਬਾਬਾ ਜੀ ਨੇ ਮੇਰੇ ਬਾਰੇ ਜਿਹੜਾ ਸਲੋਕ ਉਚਾਰਿਆ ਸੀ, ਉਹ ਰਹਿੰਦੀ ਦੁਨੀਆ ਤੱਕ ਮੈਨੂੰ ਅਤੇ ਮੇਰੇ ਪ੍ਰਸ਼ੰਸਕਾਂ ਨੂੰ ਸੁੱਖ ਦਿੰਦਾ ਰਹੇਗਾ। ਬਾਬਾ ਜੀ ਨੇ ਆਪਣੇ ਉਸ ਸਲੋਕ ਵਿਚ ਜਿਵੇਂ ਮੇਰੀ ਆਤਮਾ ਨੂੰ ਸਾਕਾਰ ਕਰ ਦਿੱਤਾ ਹੋਵੇ:

*ਸੋਰਠਿ ਸਦਾ ਸੋਹਾਵਣੀ ਜੇ ਸਚਾ ਮਨਿ ਹੋਇ।*
*ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ।*
*ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ।*
*ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰ ਸੰਗਿ।*
*ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ।*
*ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ।*
*ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ।*

ਸੁਣ ਕੇ, ਸੋਚ ਦੱਸਾਂ।

ਮੈਂ ਗਦਗਦ ਹੋ ਗਈ ਸਾਂ।

ਮੇਰਾ ਪ੍ਰਸੰਨ ਹੋਣਾ ਕੁਦਰਤੀ ਹੀ ਸੀ।

ਬਾਬਾ ਨਾਨਕ ਜੀ ਵਰਗੇ ਦੈਵੀ ਮਹਾਂਪੁਰਖ ਜਦੋਂ ਮੇਰੀ ਪ੍ਰਸ਼ੰਸਾ ਕਰ ਰਹੇ ਹੋਣ ਤਦ ਇਸ ਤੋਂ ਵੱਧ ਕੇ ਮੇਰੇ ਹੋਰ ਕੀ ਵੱਡਭਾਗ ਹੋ ਸਕਦੇ ਹਨ।

ਮੈਂ ਵੀ ਭਾਈ ਮਰਦਾਨੇ ਨਾਲ ਇਕ ਆਵਾਜ਼ ਹੋ ਕੇ ਬਾਬਾ ਜੀ ਨੂੰ ਕਿਹਾ ਸੀ-

*ਸੇ ਐਸੇ ਰਾਗ ਤੂੰ ਹੈ ਕਰਹਿ, ਤੁਮ ਹੀ ਤੇ ਐਸਾ ਰਾਗੁ ਹੋਇ ਜੀ! ਹੋਰੁ ਕਵਣੁ ਕਰਿ ਸਕੈ?*

---

*(ਪਤ੍ਰਿਕਾ 'ਪੰਜਾਬੀ ਵਿਰਸਾ' 'ਚੋਂ ਧੰਨਵਾਦ ਸਹਿਤ)*


**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ 141 002

**THE SIKH REVIEW**
(A Monthly Magazine)
116, Karnani Mansion
25-A, Park Street, Kolkata

# Talwar Brothers

SCF 68, Sector 15-D, Chandigarh
Ph. 0172-2771531, 2781490, 2549433, 2543370 (R)




Sri Satguru Jagjit Singh Ji Elibrary NamdhariElibrary@gmail.com

# ਗੁਰਮਤਿ ਸੰਗੀਤ ਵਿਦਿਆਲਾ ਰਿਸ਼ੀਕੇਸ਼

ਸੁਖਦਰਸ਼ਨ ਚਹਿਲ

ਗੁਰਮਤਿ ਸੰਗੀਤ ਬਾਲ ਵਿਦਿਆਲਯ ਰਿਸ਼ੀਕੇਸ਼ (ਉਤਰਾਂਚਲ) ਪਹਾੜੀਆਂ ਦੀ ਗੋਦ ਵਿਚ ਗੰਗਾ ਨਦੀ ਕਿਨਾਰੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰਸਟ ਦੇ ਅਹਾਤੇ ਵਿਚ ਹੈ। ਇਸ ਅਕੈਡਮੀ ਦਾ ਮੁੱਖ ਮਨੋਰਥ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਉੱਚਕੋਟੀ ਦੇ ਰਾਗੀ, ਪਾਠੀ ਤੇ ਪ੍ਰਚਾਰਕ ਤਿਆਰ ਕਰਨਾ ਹੈ। ਖ਼ੂਬਸੂਰਤ ਬਹੁਮੰਜ਼ਲੀ ਇਮਾਰਤ ਵਿਚ ਚੱਲਦੀ ਇਸ ਸੰਸਥਾ ਵਿਚ ਮੁਫਤ ਰਿਹਾਇਸ਼, ਖਾਣ-ਪੀਣ ਤੇ ਸਿੱਖਿਆ ਆਦਿ ਸਹੂਲਤਾਂ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਸੰਸਥਾ ਦੇ ਵਾਈਸ ਪ੍ਰਿੰਸੀਪਲ ਸੁਖਵੀਰ ਸਿੰਘ ਨੇ ਦੱਸਿਆ ਕਿ ਇਹ ਸੰਸਥਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੁਆਰਾ 1995 ਵਿਚ ਸਥਾਪਿਤ ਕੀਤੀ ਗਈ। ਇਸ ਵੇਲੇ ਇੱਥੇ 275 ਬੱਚੇ ਰਾਗੀ, ਪਾਠੀ ਤੇ ਪ੍ਰਚਾਰਕ ਬਣਨ ਦੀ ਸਿੱਖਿਆ ਹਾਸਲ ਕਰ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਬੱਚੇ ਵਣਜਾਰਾ ਜਾਤੀ ਨਾਲ ਸਬੰਧਿਤ ਹਨ ਜਿਨ੍ਹਾਂ ਨੇ ਅੰਮ੍ਰਿਤ ਪਾਨ ਕਰਕੇ ਪੂਰੀ ਤਰ੍ਹਾਂ ਸਿੱਖੀ ਸਰੂਪ ਧਾਰਨ ਕੀਤਾ ਹੋਇਆ ਹੈ। ਬੱਚਿਆਂ ਨੂੰ ਹਰ ਸਾਲ ਭਰਤੀ ਕੀਤਾ ਜਾਂਦਾ ਹੈ। ਤਕਰੀਬਨ 11 ਤੋਂ 15 ਸਾਲ ਦੇ ਬੱਚੇ ਇਸ ਸੰਸਥਾ ਵਿਚ ਬਿਨਾਂ ਕਿਸੇ ਜਾਤ-ਪਾਤ ਤੇ ਧਾਰਮਿਕ ਭੇਦਭਾਵ ਤੋਂ ਦਾਖਲ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਪਹਿਲਾਂ ਗੁਰਮੁਖੀ ਦਾ ਗਿਆਨ ਦਿੱਤਾ ਜਾਂਦਾ ਹੈ। ਫਿਰ ਬਾਲ-ਬੋਧ ਦੀ ਪਹਿਲੀ ਜਮਾਤ ਵਿਚ ਦਾਖਲਾ ਦਿੱਤਾ ਜਾਂਦਾ ਹੈ। ਜ਼ਿਆਦਾਤਰ ਬੱਚਿਆਂ ਦੀ ਮਾਤ-ਭਾਸ਼ਾ ਹਿੰਦੀ ਹੋਣ ਕਰਕੇ ਪਹਿਲਾਂ ਬੱਚਿਆਂ ਨੂੰ ਗੁਰਮੁਖੀ ਦਾ ਗਿਆਨ ਦੇਣਾ ਪੈਂਦਾ ਹੈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵੱਖ-ਵੱਖ ਬਾਣੀਆਂ ਦਾ ਗਿਆਨ ਦਿੱਤਾ ਜਾਂਦਾ ਹੈ। ਬੱਚਿਆਂ ਦੀ ਬੁੱਧੀ ਤੇ ਦਿਲਚਸਪੀ ਨੂੰ ਦੇਖ ਕੇ ਉਨ੍ਹਾਂ ਨੂੰ ਰਾਗੀ, ਪਾਠੀ ਜਾਂ ਪ੍ਰਚਾਰਕ ਬਣਨ ਲਈ ਫਿਰ ਵਿਸ਼ੇਸ਼ ਸਿੱਖਿਆ ਦਿੱਤੀ ਜਾਂਦੀ ਹੈ।

ਸੰਸਥਾ ਵਿਚ 10 ਅਧਿਆਪਕ ਹਨ, ਜੋ ਉਚੇਰੀ ਸਿੱਖਿਆ ਪ੍ਰਾਪਤ ਹਨ ਅਤੇ ਗੀਤ-ਸੰਗੀਤ ਤੇ ਧਾਰਮਿਕ ਸਿੱਖਿਆ ਦੀ ਮਿਆਰੀ ਸਿੱਖਿਆ ਦੇਣ ਵਿਚ ਮਾਹਿਰ ਹਨ। ਹਰੇਕ ਬੱਚੇ ਨੂੰ ਪੰਜ ਸਾਲ ਤੱਕ ਇਸ ਸੰਸਥਾ ਵਿਚ ਰੱਖਿਆ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਿਸੇ ਵੀ ਖੇਤਰ ਵਿਚ ਕੰਮ ਕਰਨ ਦੀ ਆਜ਼ਾਦੀ ਹੈ।

ਸੰਸਥਾ ਦੇ ਮਨੋਰਥਾਂ ਦੀ ਹੋ ਰਹੀ ਪੂਰਤੀ ਦਾ ਅੰਦਾਜਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਹੁਣ ਤੱਥ ਇਸ ਸੰਸਥਾ ਦੇ 500 ਦੇ ਕਰੀਬ ਵਿਦਿਆਰਥੀ ਮਿਆਰੀ ਸਿੱਖਿਆ ਹਾਸਲ ਕਰਕੇ ਕੈਨੇਡਾ, ਇੰਗਲੈਂਡ ਤੇ ਅਮਰੀਕਾ ਸਮੇਤ ਬਹੁਤ ਸਾਰੇ ਦੇਸ਼ਾਂ ਵਿਚ ਚਲੇ ਗਏ ਹਨ। ਹਰ ਸਾਲ ਦੇਸ਼-ਵਿਦੇਸ਼ ਦੇ ਬਹੁਤ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕ ਆਉਂਦੇ ਹਨ ਤੇ ਵਧੀਆ ਵਿਦਿਆਰਥੀਆਂ ਨੂੰ ਆਪਣੇ ਨਾਲ ਲੈ ਜਾਂਦੇ ਹਨ। ਗੁਰਮਤਿ ਸੰਗੀਤ ਵਿਦਿਆਲਯ ਦੀ ਇਸ ਅਹਿਮ ਪ੍ਰਾਪਤੀ 'ਤੇ ਪ੍ਰਬੰਧਕ ਫਖਰ ਮਹਿਸੂਸ ਕਰਦੇ ਹਨ। ਗੁਰਦੁਆਰਾ ਹੇਮਕੁੰਟ ਸਾਹਿਬ ਟਰੱਸਟ ਦੇ ਪ੍ਰਧਾਨ ਗੁਰਬਖਸ਼ ਸਿੰਘ ਬਿੰਦਰਾ ਨੇ ਸਿੱਖੀ ਪ੍ਰਚਾਰ ਲਈ ਨਾਨਕ ਨਾਮ ਲੇਵਾ ਸੰਗਤ ਦੇ ਸਹਿਯੋਗ ਨਾਲ ਚੱਲ ਰਹੀ ਹੈ ਇਸ ਸੰਸਥਾ ਦੇ ਵਿਦਿਆਰਥੀਆਂ ਨੂੰ ਇਤਿਹਾਸਕ ਤੇ ਵਿਦੇਸ਼ਾਂ ਦੇ ਗੁਰੂ ਘਰਾਂ ਵਿਚ ਸੇਵਾ ਕਰਨ ਦਾ ਮੌਕਾ ਮਿਲਣਾ ਹੀ ਸਾਡੇ ਲਈ ਬਹੁਤ ਸਨਮਾਨ ਵਾਲੀ ਗੱਲ ਹੈ।

('ਪੰਜਾਬੀ ਟ੍ਰਿਬਿਊਨ' 'ਚੋ ਧੰਨਵਾਦ ਸਹਿਤ)


**ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ**

**ਗੁਰਸਿੱਖ ਸੰਜੋਗ**

**ਪੰਦਰਾ-ਰੋਜ਼ਾ ਪੱਤਰ**

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060**

**ਫੋਨ : 25862955**




Sri Satguru Jagjit Singh Ji Elibrary NamdhariElibrary@gmail.com

# ਸਾਡੇ ਕੀਰਤਨੀਏ ਭਾਈ ਰਾਜਬਿੰਦਰ ਸਿੰਘ

**ਗੁਰਜੰਤ ਸਿੰਘ ਰਾਹੀ**

ਆਪਣੇ ਸਮੇਂ ਦੇ ਮਸ਼ਹੂਰ ਕੀਰਤਨੀਏ ਭਾਈ ਗਿਆਨ ਸਿੰਘ ਜੋਗੀ ਜਲੰਧਰ ਵਾਲਿਆਂ ਦੇ ਘਰ 1954 ਨੂੰ ਜਨਮੇ ਰਾਜਬਿੰਦਰ ਸਿੰਘ ਨੂੰ ਮਾਤਾ ਪਿਤਾ ਨੇ ਗੁਰਬਾਣੀ ਦੇ ਸ਼ਬਦਾਂ ਦੀਆਂ ਲੋਰੀਆਂ ਸੁਣਾ-ਸੁਣਾ ਕੇ ਪਾਲਿਆ। ਘਰ ਵਿਚ ਸੰਗੀਤਕ ਮਾਹੌਲ ਹੋਣ ਕਰਕੇ ਬਾਲਕ ਦੇ ਅਚੇਤ ਮਨ ਤੇ ਗੁਰਬਾਣੀ ਅਤੇ ਸੰਗੀਤ ਦਾ ਅਸਰ ਹੋਇਆ। ਸਕੂਲ ਪੜ੍ਹਦਿਆਂ-ਪੜ੍ਹਦਿਆਂ ਪਤਾ ਹੀ ਨਹੀਂ ਲੱਗਿਆ ਕਦੋਂ ਤਬਲਾ ਸਿੱਖ ਗਏ ਅਤੇ ਆਪਣੇ ਪਿਤਾ ਜੀ ਨਾਲ ਤਬਲੇ ਦੀ ਸੰਗਤ ਕਰਨ ਲੱਗ ਪਏ। ਜੋਗੀ ਜੀ ਜਿੱਥੇ ਵਧੀਆ ਕੀਰਤਨੀਏ ਸਨ ਉੱਥੇ ਨਾਲ ਹੀ ਗੁਰਬਾਣੀ ਦੇ ਰਸੀਏ ਅਤੇ ਗੁਰਮੁਖ ਜੀਵਨ ਦੇ ਧਾਰਨੀ ਹਨ। ਪਾਕਿਸਤਾਨ ਬਣਨ ਤੋਂ ਪਹਿਲਾਂ ਜੋਗੀ ਜੀ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ ਕੀਰਤਨ ਕਰਦੇ ਰਹੇ ਇਕ ਦਿਨ ਬੜੀ ਬੁਲੰਦ ਆਵਾਜ਼ ਵਿਚ ਕੀਰਤਨ ਕੀਤਾ ਤਾਂ ਸੰਤਾਂ ਨੇ ਆਪਣੀ ਮੌਜ ਵਿਚ ਆ ਕੇ ਕਿਹਾ ਗਿਆਨ ਸਿਹਾ ਸਾਰੀ ਉਮਰ ਤੇਰੀ ਆਵਾਜ ਬੁਲੰਦ ਹੀ ਰਹੂਗੀ। ਅੱਜ ਤਕਰੀਬਨ ਸੌ ਸਾਲ ਦੀ ਉਮਰ ਹੈ ਅਜੇ ਵੀ ਵਧੀਆ ਗਾ ਲੈਂਦੇ ਹਨ। ਬੰਦਗੀ ਵਿਚ ਲੀਨ ਰਹਿੰਦੇ ਹਨ। ਸੇਵਾ ਤੇ ਸਿਮਰਨ ਦੀ ਗੁੜਤੀ ਲੈ ਕੇ ਪਲੇ ਰਾਜਬਿੰਦਰ ਨੂੰ ਗੁਰਮਤਿ ਸੰਗੀਤ ਵਿਚ ਨਿਪੁੰਨ ਕਰਨ ਲਈ ਪਿਤਾ ਨੇ ਕੋਈ ਕਸਰ ਨਹੀਂ ਛੱਡੀ ਪਹਿਲੀ ਤਾਲੀਮ ਪਿਤਾ ਜੀ ਤੋਂ ਪ੍ਰਾਪਤ ਕੀਤੀ ਉਨੀ ਦਿਨੀ ਸੰਗੀਤ ਵਿਦਿਆਲਾ ਸਿੰਘਾਂ ਵਾਲਾ ਦੀ ਬੜੀ ਚੜ੍ਹਾਈ ਸ੍ਰੀ ਰਾਗੀ ਪ੍ਰੀਤਮ ਸਿੰਘ ਜਖਮੀ ਕੋਲ 1964 ਵਿਚ ਆ ਗਏ ਜਿੱਥੇ ਰਹਿ ਕੇ ਗੁਰਮਤਿ ਸੰਗੀਤ ਦੀਆਂ ਟਕਸਾਲੀ ਬੰਦਸ਼ਾਂ ਰਾਗ ਅਤੇ ਤਬਲੇ ਦੀ ਸਿੱਖਿਆ ਲਈ। ਉਸਤਾਦ ਦੀ ਕ੍ਰਿਪਾ ਅਤੇ ਸੱਚੀ ਲਗਨ ਨਾਲ ਕੀਤੀ ਮਿਹਨਤ ਦਾ ਸਦਕਾ ਰਾਜਬਿੰਦਰ ਸਿੰਘ ਵਧੀਆ ਕੀਰਤਨੀਆ ਹੋ ਨਿਬੜਿਆ ਅਤੇ ਆਪਣੇ ਪਿਤਾ ਜੀ ਦੇ ਰਾਗੀ ਜੱਥੇ ਵਿਚ ਸ਼ਾਮਲ ਹੋ ਗਿਆ। ਜਿਨ੍ਹਾਂ ਨਾਲ ਇੰਗਲੈਂਡ, ਕਨੇਡਾ, ਜਰਮਨ, ਅਮਰੀਕਾ ਵਿਖੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਰਹੇ। ਇਕ ਯਾਦ ਸਾਂਝੀ ਕਰਦੇ ਦੱਸਿਆ ਕਿ ਇੰਗਲੈਂਡ ਵਿਚ ਗੁਰਦੁਆਰਾ ਰਾਮਗੜੀਆ ਵਿਖੇ ਰਾਗੀ ਜੱਥਿਆਂ ਨੂੰ ਨਿਰਧਾਰਤ ਰਾਗ ਵਿਚ ਗਾਉਣ ਲਈ ਰਾਗ ਨਿਸ਼ਚਿਤ ਕੀਤੇ ਉਸ ਦਰਬਾਰ ਵਿਚ ਭਾਈ ਦਵਿੰਦਰ ਸਿੰਘ ਗੁਰਦਾਸਪੁਰੀ, ਭਾਈ ਭਾਗ ਸਿੰਘ ਦਿੱਲੀ, ਭਾਈ ਸ਼ਮਸ਼ੇਰ ਸਿੰਘ ਜਖਮੀ ਦਾ ਜੱਥਾ ਵੀ ਸ਼ਾਮਲ ਸੀ ਜਿਸ ਵਿਚ ਰਾਗ ਮਾਲੀ ਗਉੜਾ ਚਾਰਤਾਲ ਵਿਚ ਗਾ ਕੇ ਇਨਾਮ ਹਾਸਲ ਕੀਤਾ। ਨਾਮੀ ਰਾਗੀਆਂ ਦੇ ਸਨਮੁਖ ਗਾਉਣਾ ਹੀ ਮੇਰੇ ਲਈ ਸੁਭਾਗ ਦੀ ਗੱਲ ਹੈ। ਅੱਜਕੱਲ ਭਾਈ ਰਾਜਬਿੰਦਰ ਸਿੰਘ ਗੁਰਦੁਆਰਾ ਸਿੱਖ ਸੈਂਟਰ ਨਿਊਯਾਰਕ ਵਿਖੇ ਸੇਵਾ ਕਰ ਰਹੇ ਹਨ। ਆਪਣੇ ਮਿੱਠ ਬੋਲੇ ਅਤੇ ਨਿਮਰਤਾ ਅਤੇ ਮਿਲਣਸਾਰ ਸੁਭਾਅ ਸਦਕਾ ਆਪਣਾ ਪਿਆਰ ਸਤਿਕਾਰ ਕਾਇਮ ਰੱਖਿਆ। ਕੀਰਤਨ ਦੀ ਸੇਵਾ ਦੇ ਨਾਲ ਨਾਲ ਬੱਚੇ ਬੱਚੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ। ਪਰਿਵਾਰ ਵਿਚ ਇਕ ਪਤਨੀ ਦੋ ਬੇਟੀਆਂ ਤੇ ਇਕ ਬੇਟਾ ਕਾਕਾ ਹਰਜੋਤ ਸਿੰਘ ਜੋ ਕਿ ਉਸਤਾਦ ਕੁਲਵਿੰਦਰ ਸਿੰਘ ਪਾਸੋ ਪੰਜਾਬ ਘਰਾਣੇ ਦੇ ਤਬਲੇ ਦੀ ਸਿੱਖਿਆ ਲੈ ਰਿਹਾ ਹੈ। ਹਰਜੋਤ ਤਬਲੇ ਵਿਚ ਆਪਣੀ ਉਮਰ ਨਾਲੋਂ ਕਿਤੇ ਅੱਗੇ ਹੈ। ਪਿਤਾ ਦੀ ਵੀ ਇਹੀ ਇੱਛਾ ਹੈ ਘਰ ਵਿਚ ਸੰਗੀਤ ਰਹੇ ਦਾਦੇ ਭਾਈ ਗਿਆਨ ਸਿੰਘ ਜੋਗੀ ਦੀ ਸੰਗੀਤ ਪਰੰਪਰਾ ਨੂੰ ਬੱਚੇ ਬੱਚੀਆਂ ਅੱਗੇ ਤੋਰੀ ਰੱਖਣ।

ਭਾਈ ਰਾਜਬਿੰਦਰ ਸਿੰਘ ਨੇ ਇਕ ਕੀਰਤਨ ਵੈਬਸਾਈਟ ਤਿਆਰ ਕੀਤੀ ਹੈ ਜਿਸ ਵਿਚ ਅਮਰੀਕ ਸਿੰਘ ਜਖਮੀ, ਭਾਈ ਬਖਸ਼ੀਸ਼ ਸਿੰਘ, ਭਾਈ ਅਮਰੀਕ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ ਆਦਿ ਰਾਗੀਆਂ ਦੇ ਕੀਰਤਨ ਸਾਂਭੇ ਹੋਏ ਹਨ। ਹਰਿਬਲਭ ਸੰਗੀਤ ਸੰਮੇਲਨ ਜਲੰਧਰ ਵਿਖੇ ਆਪਣਾ ਮੂਵੀ ਕੈਮਰਾ ਫਿਟ ਕਰਕੇ ਜਿੱਥੇ ਸੰਗੀਤ ਦਾ ਆਨੰਦ ਆਪ ਮਾਣਿਆ ਉੱਥੇ ਹੋਰਨਾ ਲਈ ਰਿਕਾਰਡ ਕਰਕੇ ਨਾਲ ਲੈ ਗਏ। ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ ਦੀ ਗਾਇਕੀ ਤੋਂ ਅਤੇ ਪਾਕਿਸਤਾਨ ਦੇ ਤਬਲਾ ਵਾਦਕ ਅਲਤਾਫ ਹੁਸੈਨ ਤਾਫੂ ਖਾਂ ਦੇ ਵਾਦਨ ਤੋਂ ਬਹੁਤ ਪ੍ਰਭਾਵਿਤ ਹੋਏ। ਜਿਨ੍ਹਾਂ ਨੂੰ ਮਿਲ ਕੇ ਅਸੀਂ ਪੰਜਾਬ ਬਾਜ ਬਾਰੇ ਬੜੀਆਂ ਡੂੰਘੀਆਂ ਗੱਲਾਂ ਕਰਦੇ ਰਹੇ। ਤਾਫੂ ਖਾਨ ਸਾਹਿਬ ਨੂੰ ਅਮਰੀਕਾ ਵਿਖੇ ਆਉਣ ਤੇ ਮਿਲਣ ਦਾ ਨਿੱਘਾ ਸੱਦਾ ਦਿੱਤਾ। ਭਾਈ ਰਾਜਬਿੰਦਰ ਸਿੰਘ ਵਰਗੇ ਕੀਰਤਨੀਏ ਸੁਣਕੇ ਆਸ ਬਝ ਜਾਂਦੀ ਹੈ ਕਿ ਸਾਡਾ ਅਮੀਰ ਵਿਰਸਾ ਸੁਰੱਖਿਅਤ ਹੈ। ਅਰਦਾਸ ਕਰਦੇ ਹਾਂ ਏਸੇ ਤਰ੍ਹਾਂ ਗੁਰਮਤਿ ਸੰਗੀਤ ਦੀ ਜੋਤ ਤੋਂ ਜੋਤ ਜਗਾਉਂਦੇ ਰਹਿਣੀ।

*ਗਿਆਨੀ ਦਿੱਤ ਸਿੰਘ ਕਲੋਨੀ, ਸਾਹਮਣੇ ਫਤਿਹ ਬਟਰਿੰਗ ਸਟੋਰ, ਨਨਕਿਆਣਾ ਸਾਹਿਬ ਰੋਡ, ਸੰਗਰੂਰ*



Sri Satguru Jagjit Singh Ji Elibrary NamdhariElibrary@gmail.com

# ਗੁਰਮਤਿ ਸੰਗੀਤ ਅਕੈਡਮੀ ਦੇ ਦੂਸਰੇ ਸੈਸ਼ਨ ਦਾ ਸਮਾਪਤੀ ਸਮਾਰੋਹ

ਭਾਈ ਹਰਿਮੰਦਰ ਸਿੰਘ

ਗੁਰਮਤਿ ਸੰਗੀਤ ਸ੍ਰੀ ਅਨੰਦਪੁਰ ਸਾਹਿਬ ਜਿਸ ਦੀ ਸ਼ੁਰੂਆਤ 1999 ਤੋਂ ਜਦੋਂ ਖਾਲਸਾ ਪੰਥ ਨੇ ਆਪਣੀ 300 ਸਾਲਾਂ ਸਾਜਨਾ ਦਿਵਸ ਬੜੀ ਸ਼ਰਧਾ ਅਤੇ ਚੜ੍ਹਦੀ ਕਲਾ ਦੇ ਨਾਲ ਮਨਾਇਆ। ਉਸ ਸਮੇਂ ਧਰਮ ਪ੍ਰਚਾਰ ਕਮੇਟੀ ਸ਼੍ਰੋ. ਗੁ. ਪ੍ਰੰ. ਕਮੇਟੀ ਨੇ ਬੜਾ ਉਦਮ ਉਪਰਾਲਾ ਕੀਤਾ ਅਤੇ ਖਾਲਸੇ ਦੀ ਜਨਮ ਭੂਮੀ ਤੇ ਅਕੈਡਮੀ ਖੋਲਣਾ ਜਿਸ ਵਿਚ ਸਿਰਫ ਤੰਤੀ ਸਾਜ਼ਾਂ ਨਾਲ ਹੀ 'ਗੁਰਮਤਿ ਸੰਗੀਤ' ਦੀ ਸਿੱਖਿਆ ਦੇਣੀ ਨੀਯਤ ਸਮਝੀ ਗਈ ਹੋਂਦ ਵਿਚ ਆਈ। ਜਿਸ ਵਿਚ ਪ੍ਰੋ. ਕਰਤਾਰ ਸਿੰਘ ਜੀ ਲੁਧਿਆਣੇ ਵਾਲਿਆਂ ਨੂੰ ਅਕੈਡਮੀ ਵਿਖੇ ਡਾਇਰੈਕਟਰ ਵਜੋਂ ਸੇਵਾ ਸੌਂਪੀ ਗਈ, ਜੋ ਕਿ ਪਹਿਲਾਂ ਤਕਰੀਬਨ 30 ਸਾਲ, ਗੁਰੂ ਨਾਨਕ ਗਰਲਜ਼ ਕਾਲਜ ਲੁਧਿਆਣਾ ਵਿਖੇ ਸੰਗੀਤ ਵਿਭਾਗ ਦੇ ਮੁਖੀ ਰਹੇ।

ਅਕੈਡਮੀ ਦੇ ਦੂਸਰੇ ਸੈਸ਼ਨ ਦੀ ਸਮਾਪਤੀ ਮਿਤੀ 14-7-2005 ਨੂੰ ਸਹਿਜ ਪਾਠ ਦੇ ਭੋਗ ਉਪਰੰਤ ਸਿੰਘ ਸਾਹਿਬ ਗਿਆਨੀ ਤਿਰਲੋਚਨ ਸਿੰਘ ਜੀ ਜੱਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਕਿਹਾ ਕਿ ਗੁਰੂ ਅੰਗਦ ਦੇਵ ਜੀ ਦੇ 63 ਸਲੋਕ ਜਿਹੜੇ ਜਿਹੜੇ ਰਾਗਾਂ ਵਿਚ ਹਨ ਉਨ੍ਹਾਂ ਨੂੰ ਡਾਇਰੈਕਟਰ ਸਾਹਿਬ ਨੇ ਆਪ ਗਾਇਨ ਕੀਤਾ ਹੈ ਅਤੇ ਇਸ ਕਿਤਾਬ ਦਾ ਮੁੱਖ ਅੰਗ ਲਿਖਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਹੈ ਅਤੇ ਜੋ ਹੋਰ ਕਿਤਾਬਾਂ ਇਨ੍ਹਾਂ ਲਿਖੀਆਂ ਹਨ। ਉਹਨਾਂ ਨੂੰ ਆਮ ਆਦਮੀ ਸਿੱਖਣ ਤੋਂ ਬਗੈਰ ਨਹੀਂ ਗਾ ਸਕਦਾ ਅਤੇ ਕੁਝ ਬੰਦਸ਼ਾਂ ਮੈਂ ਵੀ ਕੱਢੀਆਂ ਹਨ ਜੋ ਬਹੁਤ ਵਧੀਆ ਅਤੇ ਸੁਆਦਲੀਆਂ ਹਨ। ਸਾਨੂੰ ਇਹ ਕੀਮਤੀ ਹੀਰਾ ਧਰਮ ਪ੍ਰਚਾਰ ਕਮੇਟੀ ਸ਼੍ਰੋ. ਗੁ. ਪ੍ਰਬੰ. ਕਮੇਟੀ ਨੂੰ ਮਿਲਿਆ ਹੈ, ਜਿਨ੍ਹਾਂ ਨੇ ਬਹੁਤ ਉੱਦਮ ਦੇ ਨਾਲ ਵਿਦਿਆਰਥੀਆਂ ਨੂੰ ਅਹਿਸਾਸ ਕਰਵਾ ਕੇ ਤਿਆਰ ਕੀਤਾ ਹੈ, ਪੰਥ ਨੂੰ ਸੌਂਪੇ ਹਨ, ਕੌਮ ਦੀ ਅਮਾਨਤ ਹਨ, ਗੁਰੂ ਮਹਾਰਾਜ ਇਨ੍ਹਾਂ ਬੱਚਿਆਂ ਤੇ ਕਿਰਪਾ ਕਰਨ ਜਿਹਨਾਂ ਬੱਚਿਆਂ ਨੇ ਇੱਥੇ ਡਾਇਰੈਕਟਰ ਸਾਹਿਬ ਕੋਲੋਂ ਵਿੱਦਿਆ ਪ੍ਰਾਪਤ ਕੀਤੀ ਹੈ। ਗੁਰੂ ਮਹਾਰਾਜ ਇਨ੍ਹਾਂ ਨੂੰ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਬਖਸ਼ਿਸ਼ ਕਰਨ। ਇਸੇ ਤਰ੍ਹਾਂ ਡਾਇਰੈਕਟਰ ਕਰਤਾਰ ਸਿੰਘ ਜੀ, ਪ੍ਰੋ. ਪਿਆਰਾ ਸਿੰਘ ਪਦਮ ਅਤੇ ਹੋਰ ਸਾਰੇ ਅਧਿਆਪਕ ਸਤਿਗੁਰੂ ਜੀ ਉਹਨਾਂ ਨੂੰ ਤੰਦਰੁਸਤੀ ਦੇਣ ਅਤੇ ਸਿਰ ਤੇ ਮਿਹਰ ਭਰਿਆ ਹੱਥ ਰੱਖ ਕੇ ਇਹ ਸੇਵਾ ਇਸ ਤਰ੍ਹਾਂ ਪਾਤਸ਼ਾਹ ਜੀ ਆਪ ਲੈਂਦੇ ਰਹਿਣ, ਅਤੇ ਜਿਹੜੇ ਵਿਦਿਆਰਥੀਆਂ ਦਾ ਬੈਚ ਖਤਮ ਹੋਇਆ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਵੱਧ ਤੋਂ ਵੱਧ ਰਿਆਜ਼ ਕਰਨ ਅਤੇ ਬਾਣੀ ਕੰਠ ਕਰਨ ਤਾਂ ਕਿ ਗੁਰੂ ਮਹਾਰਾਜ ਦੀਆਂ ਤੁਹਾਨੂੰ ਖੁਸ਼ੀਆਂ ਪ੍ਰਾਪਤ ਹੋਣ ਅਤੇ ਚੜ੍ਹਦੀ ਕਲਾ ਵਿਚ ਤੁਸੀਂ ਗੁਰੂ ਪੰਥ ਦੀ ਸੇਵਾ ਕਰ ਸਕੋ।

ਸਿੰਘ ਸਾਹਿਬ ਜੀ ਤੋਂ ਬਾਅਦ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸੰਤ ਵਰਿਆਮ ਸਿੰਘ ਜੀ ਨੇ ਕਿਹਾ ਅੱਜ ਇਹ ਅਕੈਡਮੀ ਸੰਸਾਰ ਦੀਆਂ ਹੋਰ ਅਕੈਡਮੀਆਂ ਨਾਲੋਂ ਨਿਵੇਕਲਾ ਸਥਾਨ ਰੱਖਦੀ ਹੈ ਜਿੱਥੇ ਕੇ ਸਿਰਫ ਤੰਤੀ ਸਾਜ਼ਾਂ ਨਾਲ ਹੀ 'ਗੁਰਮਤਿ ਸੰਗੀਤ' ਦੀ ਸਿੱਖਿਆ ਦਿੱਤੀ ਜਾਂਦੀ ਹੈ। ਅਕੈਡਮੀ ਦੇ ਪਹਿਲੇ ਸ਼ੈਸ਼ਨ ਦੇ ਵਿਦਿਆਰਥੀਆਂ ਦੇ ਦੋ ਜੱਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਇਕ ਜੱਥਾ ਗੁ. ਚਰਨ ਕਮਲ ਬੰਗਾ ਵਿਖੇ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਸੇਵਾ ਨਿਭਾਅ ਰਹੇ ਹਨ। ਇਸ ਅਕੈਡਮੀ ਦਾ ਮੁੱਖ ਉਦੇਸ਼ ਨਿਰਧਾਰਤ ਰਾਗਾਂ ਨੂੰ ਤੰਤੀ ਸਾਜ਼ਾਂ ਦੁਆਰਾ ਅਲੋਪ ਹੋ ਰਹੀ ਪਰੰਪਰਾਗਤ ਸ਼ੈਲੀ ਨੂੰ ਸੁਰਜੀਤ ਕਰਨ ਤੇ ਪ੍ਰਚਾਰਨ ਵਿਚ ਲਿਆਉਣਾ ਹੈ। ਉਨ੍ਹਾਂ ਨੇ ਡਾਇਰੈਕਟਰ ਸਾਹਿਬ ਬਾਰੇ ਕਿਹਾ ਕੇ ਇਹਨਾਂ ਨੇ ਆਪਣਾ ਆਪ 'ਗੁਰਮਤਿ ਸੰਗੀਤ' ਨੂੰ ਸਮਰਪਿਤ ਕੀਤਾ ਹੈ ਅਤੇ ਬਹੁਤ ਹੀ ਘਾਲਣਾ ਘਾਲ ਕੇ 'ਗੁਰਮਤਿ ਸੰਗੀਤ' ਦੇ ਪ੍ਰਚਾਰ ਲਈ ਤਿੰਨ ਮਹਾਨ ਰਚਨਾਵਾਂ 'ਗੁਰਬਾਣੀ ਸੰਗੀਤ ਦਰਪਣ' ਜੋ ਕਿ ਚਾਰ ਵਾਰ ਛਾਪੀ ਜਾ ਚੁੱਕੀ ਹੈ। ਦੂਜੀ ਪੁਸਤਕ 'ਗੁਰਮਤਿ ਸੰਗੀਤ ਦਰਪਣ' ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੈ। ਤੀਸਰੀ ਰਚਨਾ 'ਗੁਰੂ ਅੰਗਦ ਦੇਵ ਸੰਗੀਤ ਦਰਪਣ' ਜੋ ਕਿ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੈ ਅਤੇ ਚੌਥੀ ਪੁਸਤਕ 'ਗੁਰਮਤਿ ਸੰਗੀਤ ਦਰਪਣ' ਭਾਗ-ਦੂਜਾ ਜਲਦੀ ਹੀ ਛਪ ਰਹੀ ਹੈ, ਇਹ ਸਾਰਾ ਕਾਰਜ ਧਰਮ ਪ੍ਰਚਾਰ ਕਮੇਟੀ ਸ਼੍ਰੋ. ਗੁ. ਪ੍ਰੰ. ਕਮੇਟੀ ਵੱਲੋਂ ਛਪ ਰਿਹਾ ਹੈ। ਕੀਰਤਨਕਾਰਾਂ ਦੀ ਆਉਣ ਵਾਲੀ ਪੀੜ੍ਹੀ ਖਾਸ



Sri Satguru Jagjit Singh Ji Elibrary NamdhariElibrary@gmail.com

ਵਾਤਾਵਰਨ ਵਿਚ ਸਿੱਖਿਆ ਦੇ ਰਹੇ ਪ੍ਰੋ. ਕਰਤਾਰ ਸਿੰਘ ਜੀ ਦੀਆਂ ਇਹ ਸੰਗੀਤ ਰਚਨਾਵਾਂ ਵਿਚ ਪ੍ਰਯੋਗ ਕਰਕੇ ਕੀਰਤਨ ਦੇ ਸਹੀ ਸਰੂਪ ਨੂੰ ਮੁੜ ਸੁਰਜੀਤ ਕਰਨ ਵਿਚ ਵਿਸ਼ੇਸ਼ ਰੂਪ ਵਿਚ ਸਹਾਈ ਹੋਣਗੀਆਂ ਜੋ ਕਿ ਆਉਣ ਵਾਲੀ ਪੀੜੀ ਇਨ੍ਹਾਂ ਦੀ ਸਦੈਵ ਰਿਣੀ ਰਹੇਗੀ।

ਡਾਇਰੈਕਟਰ ਸਾਹਿਬ ਜੀ ਨੇ ਕਿਹਾ ਕਿ ਅੱਜ ਜੋ ਫਿਲਮੀ ਗੀਤ, ਗਜ਼ਲਾਂ ਦੇ ਅਧਾਰ ਤੇ ਕੀਰਤਨ ਹੋ ਰਿਹਾ ਹੈ ਇਹ ਕੀਰਤਨ ਦਾ ਰੂਪ ਨਹੀਂ ਹੈ। ਕੀਰਤਨ ਦਾ ਅਸਲੀ ਰੂਪ ਉਹ ਹੈ ਜੋ ਸਾਨੂੰ 'ਗੁਰੂ ਕੀ ਬਾਣੀ' ਦਾ ਅੰਦਰ ਚਾਨਣਾ ਕਰੇ ਅਤੇ ਗੁਰੂ ਦੇ ਦਰਸ਼ਨ ਹੋਣ ਅਸਲ ਕੀਰਤਨ ਹੈ। ਉਹਨਾਂ ਕਿਹਾ ਕੇ 15-20 ਸਾਲਾਂ ਤੋਂ ਕੀਰਤਨ ਦਾ ਐਸਾ ਸਿਸਟਮ ਚੱਲ ਪਿਆ ਹੈ ਕਿ ਜਿਸਨੂੰ ਬਹੁਤ ਯਤਨਾਂ ਦੇ ਨਾਲ ਰੋਕਿਆ ਜਾ ਸਕਦਾ ਹੈ ਅਤੇ ਇਕ ਦਫਾ ਸਟੇਜ ਤੇ ਬੋਲਦੇ ਹੋਏ ਪ੍ਰੋ. ਦਰਸ਼ਨ ਸਿੰਘ ਜੀ ਨੇ ਕਿਹਾ ਸੀ ਕਿ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਕਿ ਤੁਸੀਂ ਕਿਉਂ ਇਹ ਆਦੇਸ਼ ਨਹੀਂ ਕਰਦੇ ਕਿ ਜਿਹੜਾ ਫਿਲਮੀ ਟਿਊਨਾਂ ਤੇ ਗਾਏਗਾ ਉਸਨੂੰ ਦੋਸ਼ ਲਾਇਆ ਜਾਵੇ। ਕੀਰਤਨ ਵਿਚ ਸਰਗਮਾਂ ਬੋਲਣੀਆਂ ਇਹ ਵੀ ਕੀਰਤਨ ਦਾ ਰੂਪ ਨਹੀਂ ਹੈ, ਕੀਰਤਨ ਦਾ ਰੂਪ ਹੈ ਗੁਰੂ ਕੇ ਸ਼ਬਦ ਦਾ ਗਾਇਨ ਕਰਨਾ, ਉਸਦਾ ਅਲਾਪ ਕਰਨਾ ਤਾਂ ਰਸ ਕਾਇਮ ਹੋਏਗਾ। ਅੱਜ ਸਾਡੇ ਬਹੁਤ ਸਾਰੇ ਰਾਗੀ ਜੱਥੇ ਕਹਿੰਦੇ ਹਨ ਕਿ ਰਾਗਾਂ ਵਿਚ ਕੋਈ ਕੀਰਤਨ ਨਹੀਂ ਸੁਣਦਾ ਪਰ ਅਸੀਂ ਆਪਣੀ ਗਲਤੀ ਹੀ ਨਹੀਂ ਮੰਨਦੇ ਕਿ ਰਾਗਾਂ ਵਿਚ ਅਸੀਂ ਕੀਰਤਨ ਸੁਣਾ ਕੇ ਖੁਸ਼ ਹੀ ਨਹੀਂ। ਡਾਇਰੈਕਟਰ ਸਾਹਿਬ ਜੀ ਨੇ ਅਕੈਡਮੀ ਦੀ ਸੰਪੂਰਨਤਾ ਰਿਪੋਰਟ ਵਿਚ ਕਿਹਾ ਕੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਮੁੱਖ ਰਾਗ ਅਤੇ ਭਾਰਤੀ ਸੰਗੀਤ ਦੇ 40 ਰਾਗਾਂ ਵਿਚ 275 ਸ਼ਬਦ ਬੰਦਸ਼ਾਂ ਗਾਇਨ ਕਰਨ ਦੀ ਸਮਰੱਥਾ ਰੱਖਦੇ ਹਨ, ਅਤੇ 15 ਪੜਤਾਲਾਂ ਅਤੇ ਸਾਢ, ਪੌਣ, ਸਵਾਈ ਮਾਤਰਾਂ ਦੀਆਂ 10 ਬੰਦਸ਼ਾਂ ਭਲੀਭਾਂਤ ਗਾ ਸਕਦੇ ਹਨ।

ਮਾਸਟਰ ਜਗੀਰ ਸਿੰਘ ਮੈਂਬਰ ਸ਼੍ਰੋ. ਗੁ. ਪ੍ਰ. ਕਮੇਟੀ ਨੇ ਬੱਚਿਆਂ ਨੂੰ ਸਦਾ ਹੀ ਗੁਰਮਤਿ ਅਨੁਸਾਰ ਕੀਰਤਨ ਕਰਨ ਲਈ ਪ੍ਰੇਰਿਆ। ਮੈਨੇਜਰ ਅਤੇ ਹੈੱਡ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਬੱਚਿਆਂ ਨੂੰ ਅਸੀਸਾਂ ਦਿੱਤੀਆਂ। ਬਾਅਦ ਵਿਚ ਪਹਿਲੇ ਸ਼ੈਸ਼ਨ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਦੂਸਰੇ ਸ਼ੈਸ਼ਨ ਦੇ ਚੰਗੀ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਤੇ ਸਮੂਹ ਵਿਦਿਆਰਥੀਆਂ ਵੱਲੋਂ ਪ੍ਰੋ. ਕਰਤਾਰ ਸਿੰਘ ਜੀ ਡਾਇਰੈਕਟਰ ਸਾਹਿਬ ਨੂੰ 'ਸਨਮਾਨ ਪੱਤਰ' ਤੇ ਪ੍ਰੋ. ਪਿਆਰਾ ਸਿੰਘ ਪਦਮ 'ਦਿਲਰੁਬਾ ਵਾਦਕ' ਅਤੇ ਸਮੂਹ ਸਟਾਫ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਿੱਖ ਨਾਰੀ ਮੰਚ, ਇਸਤਰੀ ਸਤਿਸੰਗ ਸਭਾ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸਿੱਖ ਮਿਸ਼ਨਰੀ ਕਾਲਜ, ਰਾਗੀ ਢਾਡੀ ਸੰਗੀਤ ਵਿਦਿਆਲਾ, ਨੇਤਰਹੀਣ ਸੰਗੀਤ ਵਿਦਿਆਲਾ ਅਤੇ ਹੋਰ ਸੰਗਤਾਂ ਨੇ ਹਾਜ਼ਰੀ ਭਰੀ।.

ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

Phone : (O) 011-23312440
Resi. : 011-25721753

**Sawhney Cloth House**

46, Shanker Market, Connaught Circus, New Delhi - 110 001



Sri Satguru Jagjit Singh Ji Elibrary NamdhariElibrary@gmail.com

## ਸੰਗੀਤ ਪਰਿਭਾਸ਼ਕ ਸ਼ਬਦਾਵਲੀ

### ਤਰਾਨਾ

ਇਹ ਇਕ ਤਰ੍ਹਾਂ ਦਾ ਆਧੁਨਿਕ ਗਾਇਨ ਹੈ ਜਿਸ ਵਿਚ ਗੀਤ ਦੀ ਥਾਂ ਤੇ ਉ, ਦ, ਨੀ, ਦੀਮ, ਤਨ, ਨ, ਨ, ਤਾ, ਤਾ, ਰਿ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਵਾਰ ਸਰਗਮ ਤਬਲਾ ਜਾਂ ਮਿਰਦੰਗ ਦੇ ਬੋਲ ਤਰਾਨੇ ਵਿਚ ਗਾਏ ਜਾਂਦੇ ਹਨ। ਤਰਾਨਿਆਂ ਵਿਚ ਲੈਅ ਦ੍ਰੁਤ ਹੁੰਦੀ ਹੈ। ਇਸ ਗਾਇਨ ਵਿਚ ਲੈਅ ਦਾ ਬਹੁਤ ਮਹੱਤਵ ਹੈ। ਦ੍ਰੁਤ ਲੈਅ ਵਿਚ ਅਰਥਹੀਣ ਬੋਲਾਂ ਨੂੰ ਕਹਿਣ ਲਈ ਅਭਿਆਸ ਦੀ ਲੋੜ ਪੈਂਦੀ ਹੈ। ਤਰਾਨੇ ਦੀਅ ਲੈਅ ਸਹਿਜੇ ਸਹਿਜੇ ਵਧਾਉਂਦੇ ਜਾਂਦੇ ਹਨ। ਕਈ ਦ੍ਰੁਤ ਲੈਅ ਵਿਚ ਸਿਤਾਰ ਦੇ ਬੋਲਾਂ ਨੂੰ ਮੂੰਹ ਨਾਲ ਕਹਿੰਦੇ ਹਨ। ਤਰਾਨੇ ਦੇ ਬੋਲ ਅਰਥਹੀਣ ਹੋਣ ਕਰਕੇ ਇਸ ਗਾਇਕੀ ਵਿਚ ਸੁਰ ਅਤੇ ਲੈਅ ਦੀ ਪ੍ਰਧਾਨਤਾ ਹੁੰਦੀ ਹੈ। ਇਸ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ:- ਪਹਿਲਾ ਸਥਾਈ ਅਤੇ ਦੂਸਰਾ ਅੰਤਰਾ। ਖਿਆਲ ਗਾਇਕ ਆਮ ਕਰਕੇ ਖਿਆਲ ਗਾਉਣ ਦੇ ਪਿੱਛੋਂ ਦ੍ਰੁਤ ਲੈਅ ਵਿਚ ਰਾਗ ਦਾ ਤਰਾਨਾ ਸ਼ੁਰੂ ਕਰ ਦਿੰਦੇ ਹਨ ਜੋ ਬਹੁਤ ਸੁੰਦਰ ਲੱਗਦਾ ਹੈ।

ਹੁਸੈਨ ਖਾਂ, ਤਾਨਰਸ ਖਾਂ ਅਤੇ ਨਥੂ ਖਾਂ ਆਦਿ ਦੇ ਤਰਾਨੇ ਬਹੁਤ ਪ੍ਰਸਿੱਧ ਹਨ।

### ਤਾਨ

ਸੰਸਕ੍ਰਿਤ ਦੇ ਤਨੁ ਧਾਤੂ ਤੋਂ 'ਤਾਨ' ਸ਼ਬਦ ਦੀ ਰਚਨਾ ਹੋਈ ਹੈ ਜਿਸ ਦਾ ਅਰਥ 'ਫੈਲਾਉਣਾ' ਜਾਂ 'ਵਿਸਤਾਰ ਕਰਨਾ ਹੈ। ਸੋ ਦਰੁੱਤ ਲੈਅ ਵਿਚ, ਰਾਗ ਦੇ ਸੁਰਾਂ ਦਾ ਵਿਸ਼ੇਸ਼ ਢੰਗ ਨਾਲ ਵਿਸਤਾਰ ਕਰਨਾ ਹੀ 'ਤਾਨ' ਹੈ। ਤਾਨ ਦੀ ਰਚਨਾ ਅਲੰਕਾਰ ਦੇ ਆਧਾਰ ਤੇ ਹੁੰਦੀ ਹੈ। ਅਲੰਕਾਰਾਂ ਦੀ ਰਚਨਾ ਅੰਕ-ਗਣਿਤ ਤੇ ਆਧਾਰਿਤ ਹੁੰਦੀ ਹੈ। ਸਾਰੰਗਦੇਵ ਕ੍ਰਿਤ ਸੰਗੀਤ ਰਤਨਾਕਰ ਗ੍ਰੰਥ ਵਿਚ ਸੱਤ ਸੁਰਾਂ ਤੋਂ 5040 ਤਾਨਾਂ (ਅਲੰਕਾਰਾਂ) ਦੀ ਰਚਨਾ ਵਿਧੀ ਦੱਸੀ ਗਈ ਹੈ।

ਇਸ ਪ੍ਰਕਾਰ ਇਕ ਥਾਟ ਤੋਂ 5040 ਅਤੇ 10 ਥਾਟਾਂ ਤੋਂ 5040×10= 50400 ਤਾਨਾਂ ਬਣੀਆਂ। ਇਵੇਂ ਹੀ ਦੱਖਣੀ ਪ੍ਰਣਾਲੀ ਵਿਚ 72 ਥਾਟਾਂ ਤੋਂ 5040×72=3,62,880. ਅਲੰਕਾਰ ਜਾਂ ਤਾਨਾਂ ਬਣਦੀਆਂ ਹਨ, ਪਰ ਰਾਗਾਂ ਵਿਚ ਤਾਨ ਦਾ ਪ੍ਰਯੋਗ ਉਸਦੀ ਜਾਤੀ ਅਤੇ ਸੁਰਾਂ ਅਨੁਸਾਰ ਹੁੰਦਾ ਹੈ। ਇਸ ਲਈ ਇਤਨੀ ਵੱਡੀ ਗਿਣਤੀ ਵਿਚ ਤਾਨਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਸੰਗੀਤ-ਸਾਧਨਾ (ਗਾਇਨ ਤੇ ਵਾਦਨ) ਵਿਚ ਉਪਰੋਕਤ ਸੁਰਵਿਸਤਾਰ ਦਾ ਬੜਾ ਮਹੱਤਵ ਹੈ। ਸੋ ਸੰਗੀਤ-ਸ਼ਾਸਤਰਾਂ ਅਨੁਸਾਰ ਤਾਨਾਂ ਦੇ ਲਗਭਗ 20 ਪ੍ਰਕਾਰਾਂ ਨੂੰ ਮਾਨਤਾ ਦਿੱਤੀ ਗਈ ਹੈ ਜਿਨ੍ਹਾਂ ਵਿਚੋਂ ਅੱਜਕੱਲ੍ਹ ਪ੍ਰਮੁੱਖ ਤੌਰ ਤੇ 10-12 ਪ੍ਰਕਾਰ ਦੀਆਂ ਤਾਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ :- ਸਰਲਤਾਨ, ਕੂਟਤਾਨ, ਮਿਸ਼ਰਤਤਾਨ, ਵੱਕਰਤਾਨ, ਸਪਾਟਤਾਨ, ਲੜੰਤਤਾਨ, ਬੋਲਤਾਨ, ਸਰਗਮਤਾਨ, ਗਮਕਤਾਨ, ਅਲੰਕਾਰਿਕਤਾਨ, ਦਾਣੇਦਾਰਤਾਨ ਅਤੇ ਗਿਟਕਰੀਤਾਨ ਆਦਿ।

ਉਸਤਾਦ ਚਾਂਦ ਖਾਂ ਨੇ ਇਕ ਹਿੰਦੀ ਪੁਸਤਕ 'ਵਿਵੇਕ-ਦਰਪਣ' ਅਤੇ ਉਰਦੂ ਪੁਸਤਕ 'ਜੌਹਰੇ-ਮੌਸੀਕੀ' ਦਾ ਹਵਾਲਾ ਦੇ ਕੇ ਕੁੱਲ 87 ਪ੍ਰਕਾਰ ਦੀਆਂ ਤਾਨਾਂ ਦਾ ਵਰਣਨ ਕੀਤਾ ਹੈ ਪ੍ਰੰਤੂ ਇਨ੍ਹਾਂ ਵਿਚੋਂ ਅਨੇਕਾਂ ਤਾਨ-ਪ੍ਰਕਾਰ ਬੜੇ ਅਜੀਬੋ-ਗਰੀਬ ਹਨ ਅਤੇ ਆਧੁਨਿਕ ਸੰਗੀਤ ਦੇ ਸੰਦਰਭ ਵਿਚ ਪ੍ਰਯੋਗਹੀਨ ਹਨ।

ਤਾਨਾਂ ਦੁਗੱਣ, ਤਿਗੁੱਣ, ਚੌਗੁਣ, ਆੜੀ, ਅੱਠਗੁਣ, 12 ਗੁਣ ਅਤੇ 16 ਗੁਣ ਲੈਅ ਵਿਚ ਗਾਈਆਂ ਜਾਂਦੀਆਂ ਹਨ। ਸਾਜ਼ ਸੰਗੀਤ (ਵਾਦਯ) ਵਿਚ ਤਾਨਾਂ ਨੂੰ ਹੀ 'ਤੋੜੇ' ਕਿਹਾ ਜਾਂਦਾ ਹੈ। ਭਾਵ ਤੇ ਰਸ ਦੇ ਪੱਖ ਤੋਂ ਆਧੁਨਿਕ ਖਿਆਲ ਗਾਇਕੀ ਵਿਚ ਤਾਨਾਂ ਦੀ ਵਧੇਰੇ ਵਰਤੋਂ ਠੀਕ ਨਹੀਂ ਸਮਝੀ ਜਾਂਦੀ।

### ਤਾਲ

ਸੰਸਕ੍ਰਿਤ ਭਾਸ਼ਾ ਦੇ 'ਤਲ' ਧਾਤੂ ਤੋਂ ਤਾਲ ਸ਼ਬਦ



Sri Satguru Jagjit Singh Ji Elibrary NamdhariElibrary@gmail.com

ਬਣਿਆ ਹੈ ਜਿਸ ਦਾ ਅਰਥ ਹੈ ਹੱਥ ਦੀਆਂ ਤਲੀਆਂ ਭਾਵ ਹੱਥਾਂ ਦੀਆਂ ਤਲੀਆਂ ਨਾਲ ਹੀ ਮੌਲਿਕ ਰੂਪ ਵਿਚ ਤਾਲੀ ਲਗਾ ਕਿ ਤਾਲ ਦੀਆਂ ਮਾਤਰਾਂ ਦੀ ਗਿਣਤੀ ਕੀਤੀ ਜਾਂਦੀ ਹੈ ਅਤੇ ਹੱਥਾਂ ਨਾਲ ਹੀ ਵੱਖ ਵੱਖ ਸਾਜ਼ਾਂ ਉੱਪਰ ਤਾਲ ਵਜਾਏ ਜਾਂਦੇ ਹਨ। ਭਰਤ ਕ੍ਰਿਤ ਨਾਟਯ ਸ਼ਾਸਤਰ ਅਨੁਸਾਰ ਤਾਲ ਹੀ ਉਪਰੋਕਤ ਪਰਿਭਾਸ਼ਾ ਸਿਧਾਂਤਕ ਰੂਪ ਵਿਚ ਸਰਵ ਸੰਮਤੀ ਨਾਲ ਮੰਨੀ ਜਾਂਦੀ ਹੈ। ਢੋਲਕ, ਮਿਰਦੰਗ, ਪਖਾਵਜ ਅਤੇ ਤਬਲਾ ਆਦਿ ਸਾਜ਼ਾਂ ਉੱਪਰ ਵਜਾਏ ਜਾਣ ਵਾਲੇ ਨਿਸ਼ਚਿਤ ਮਾਤਰਾਂ ਦੇ ਨਿਸ਼ਚਿਤ ਬੋਲਾਂ ਦੇ ਕੁਝ ਵਿਸ਼ੇਸ਼ ਨਿਯਮਾਂ ਅਨੁਸਾਰ ਵਜਾਏ ਜਾਣ ਨੂੰ ਤਾਲ ਕਹਿੰਦੇ ਹਨ। ਚਾਰ ਮਾਤਰਾਂ ਤੋਂ ਘੱਟ ਕੋਈ ਤਾਲ ਨਹੀਂ ਹੁੰਦਾ, 28 ਮਾਤਰਾਂ ਤੋਂ ਵੱਧ ਦੇ ਤਾਲ ਅੱਜਕੱਲ੍ਹ ਪ੍ਰਯੋਗ ਨਹੀਂ ਕੀਤੇ ਜਾਂਦੇ। ਤਾਲ ਦੀ ਰਚਨਾ ਕੁਝ ਮਾਤਰਾਂ ਦੇ ਸਮੂਹ ਤੋਂ ਹੁੰਦੀ ਹੈ। ਮਾਤਰਾ ਨੂੰ ਲੈਅ ਦੀ ਅਨੁਪਾਤ ਜਾਂ ਲੈਅ ਦੀ ਛੋਟੀ ਤੋਂ ਛੋਟੀ ਇਕਾਈ ਕਿਹਾ ਜਾਂਦਾ ਹੈ। ਇਕ ਮਾਤਰਾ ਦੀ ਤੁਲਨਾ ਇਕ ਸਕਿੰਟ ਨਾਲ ਕੀਤੀ ਜਾਂਦੀ ਹੈ ਪਰ ਸੰਗੀਤ ਵਿਚ ਪ੍ਰਮੁੱਖ ਤੌਰ ਤੇ ਤਿੰਨ ਪ੍ਰਕਾਰ ਦੀ ਲੈਅ ਹੁੰਦੀ ਹੈ, ਇਸ ਲਈ ਲੈਅ ਅਨੁਸਾਰ ਹੀ ਮਾਤਰਾ ਦੀ ਗਿਣਤੀ ਕੀਤੀ ਜਾਂਦੀ ਹੈ। ਸੰਗੀਤ ਵਿਚ ਤਾਲ ਦਾ ਮਹੱਤਵਪੂਰਨ ਸਥਾਨ ਹੈ ਕਿਉਂਕਿ ਤਾਲ ਤੋਂ ਬਿਨਾਂ ਸੰਗੀਤ ਅਧੂਰਾ ਹੈ। ਸੰਗੀਤ ਵਿਚ ਅਨੰਦ ਤੇ ਮਸਤੀ ਤਾਲ ਉਪਜਦੀ ਹੈ, ਤਾਲ ਹੀ ਸੰਗੀਤ ਦਾ ਗਣਿਤ ਅਤੇ ਵਿਆਕਰਣ ਹੈ। ਤਾਲ ਵਿਚ ਸੰਗੀਤ ਦੀ 'ਸ਼ੁੱਧਤਾ' ਅਤੇ ਬੇਤਾਲ ਵਿਚ 'ਅਸ਼ੁੱਧਤਾ' ਮੰਨੀ ਜਾਂਦੀ ਹੈ।

ਤਾਲ ਅਨੇਕਾਂ ਪ੍ਰਕਾਰ ਦੀਆਂ ਲੈਕਾਰੀਆਂ ਵਿਚ ਬਜਾਏ ਜਾਂਦੇ ਹਨ। ਜਿਵੇਂ -ਵਿਲੰਬਿਤ, ਮੱਧ ਅਤੇ ਦ੍ਰੁਤ ਆਦਿ। ਇਨ੍ਹਾਂ ਤੋਂ ਇਲਾਵਾ ਦੁੱਗਣ, ਤਿੱਗੁਣ ਅਤੇ ਚੌਗੁਣ ਅਰਥਾਤ : ਦੋ ਗੁਣਾ ਤੇਜ਼, ਤਿੰਨ ਗੁਣਾ ਤੇਜ਼ ਅਤੇ ਚਾਰ ਗੁਣਾ ਤੇਜ਼ ਲੈਕਾਰੀਆਂ ਮੰਨੀਆਂ ਗਈਆਂ ਹਨ। ਕਠਿਨ ਲੈਕਾਰੀਆਂ ਨਿਮਨ ਲਿਖਤ ਹਨ:

* ਅਰਥਾਤ ਸਵਾਗੁਣ ਤੇਜ਼ ਨੂੰ ਕੁਆੜੀ ਲੈਅ ਕਹਿੰਦੇ ਹਨ।
* ਅਰਥਾਤ ਡੇਢ ਗੁਣ ਤੇਜ਼ ਨੂੰ ਆੜੀ ਲੈਅ ਕਹਿੰਦੇ ਹਨ।
* ਅਰਥਾਤ ਪੌਣੇ ਦੋ ਗੁਣ ਤੇਜ਼ ਨੂੰ ਵਿਆੜੀ ਲੈਅ ਕਹਿੰਦੇ ਹਨ।
* ਤਾਲ ਦੇ ਜ਼ਰੂਰੀ ਨਿਯਮ ਠੇਕਾ (ਬੋਲ) ਸਮ, ਤਾਲੀ, ਖਾਲੀ ਵਿਭਾਗ ਅਤੇ ਆਵਰਤਨ ਮੰਨੇ ਜਾਂਦੇ ਹਨ।
* ਤਬਲਾ ਆਦਿ ਸਾਜ਼ਾਂ ਉਪਰ ਵੱਜਣ ਵਾਲੇ ਤਾਲ ਦੇ ਨਿਸ਼ਚਿਤ ਬੋਲਾਂ ਨੂੰ ਠੇਕਾਂ ਜਾਂ ਬੋਲ ਕਹਿੰਦੇ ਹਨ। ਤਾਲ ਦੇ ਬੋਲ ਹੇਠ ਲਿਖੇ ਵਰਣਾਂ ਤੋਂ ਬਣਦੇ ਹਨ:

"ਧਾ ਧਿਨ ਤਿਟ ਤਿਨ ਨਾ ਕ ਧੀ ਤਾ ਕਿਨ ਕੱਤ ਵਿਚਾਰ।

ਤਬਲਾ ਕੇ ਦਸ ਵਰਣ ਹੈਂ ਇਨਕੋ ਲੇਉ ਸੁਧਾਰ॥"

ਸੱਜੇ ਹੱਥ ਨਾਲ: ਨਾ, ਤਾ, ਦਿ, ਕਿਟ; ਦਿਨ ਤੂਨ ਜਾਂ ਤਿਨ; ਖੱਬੇ ਹੱਥ ਨਾਲ: ਧਿ ਜਾਂ ਧੀ, ਗ, ਕ, ਕੱਤ, ਕਿਨ ਅਤੇ ਦੋਹਾਂ ਹੱਥਾਂ ਨਾਲ ਧਿਨਾ, ਧਾ, ਧਿੜਨਗ, ਕਿੜਨਗ, ਤਕਿਟ, ਕਿਟਤਕ, ਤਿਰਕਟ, ਕ੍ਰੇਕ, ਕੜਾਂਨਤ ਆਦਿ ਬੋਲ ਬਜਾਏ ਜਾਂਦੇ ਹਨ। ਤਾਲ ਦੀ ਪਹਿਲੀ ਮਾਤਰਾ ਨੂੰ ਸਮ ਕਹਿੰਦੇ ਹਨ। ਸੰਗੀਤਕ ਰਚਨਾਵਾਂ ਜਾਂ ਤਾਲਾਂ ਦੀ ਜ਼ੁਬਾਨੀ ਪਰਖ ਕਰਨ ਲਈ ਤਾਲੀਆਂ ਲਗਾ ਕੇ ਗਿਣਤੀ ਕੀਤੀ ਜਾਂਦੀ ਹੈ, ਹਰੇਕ ਤਾਲ ਦੀਆਂ ਤਾਲੀਆਂ ਨਿਸ਼ਚਿਤ ਹੁੰਦੀਆਂ ਹਨ। ਤਾਲੀ ਦਾ ਕ੍ਰਮ ਅੰਕ ਸਬੰਧਿਤ ਮਾਤਰਾ ਦੇ ਹੇਠਾਂ ਲਿਖੀਆਂ ਜਾਂਦਾ ਹੈ।

ਹਰੇਕ ਤਾਲ ਵਿਚ ਦੋ ਤਰ੍ਹਾਂ ਦੇ ਬੋਲ ਹੁੰਦੇ ਹਨ। ਦੋਹਾਂ ਹੱਥਾਂ ਨਾਲ (ਸੱਜੇ-ਖੱਬੇ) ਵੱਜਣ ਵਾਲੇ ਬੋਲਾਂ ਨੂੰ 'ਭਰੀ' ਅਤੇ ਕੇਵਲ ਇਕ (ਸੱਜੇ) ਹੱਥ ਨਾਲ ਵੱਜਣ ਵਾਲੇ ਬੋਲਾਂ ਨੂੰ 'ਖਾਲੀ' ਕਿਹਾ ਜਾਂਦਾ ਹੈ। ਖਾਲੀ ਵਾਲੀ ਮਾਤਰਾ ਦੇ ਹੇਠਾਂ ਸਿਫ਼ਰ ਦਾ ਚਿੰਨ ਲਗਾਇਆ ਜਾਂਦਾ ਹੈ।

'ਸਮ', 'ਤਾਲੀ', 'ਖਾਲੀ' ਅਤੇ 'ਭਰੀ' ਅਨੁਸਾਰ ਤਾਲਾਂ ਦੇ 'ਵਿਭਾਗ' (ਹਿੱਸੇ) ਖੜ੍ਹੀ ਰੇਖਾ ਨਾਲ ਬਣਾਏ ਜਾਂਦੇ ਹਨ।

*ਆਵਰਤਨ*-ਹਰੇਕ ਤਾਲ ਦੀ ਪਹਿਲੀ ਤੋਂ ਆਖਰੀ ਮਾਤਰਾ ਤਕ ਉਸਦਾ ਇਕ ਆਵਰਤਨ ਅਰਥਾਤ ਚਕ੍ਰ ਮੰਨਿਆ ਜਾਂਦਾ ਹੈ।

ਉੱਤਰੀ ਸੰਗੀਤ ਪ੍ਰਣਾਲੀ ਵਿਚ ਤਾਲਾਂ ਲਈ ਹੇਠ ਲਿਖੇ ਚਿੰਨ੍ਹ ਪ੍ਰਯੋਗ ਕੀਤੇ ਜਾਂਦੇ ਹਨ, ਜਿਵੇਂ ਆਦਿ ਤਾਲ (ਤੀਨਤਾਲ) ਨੂੰ ਇਸ ਤਰ੍ਹਾਂ ਲਿਪੀਬੱਧ ਕੀਤਾ ਜਾਂਦਾ ਹੈ:-



Sri Satguru Jagjit Singh Ji Elibrary NamdhariElibrary@gmail.com

| | | | | | | | |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ |
| × | | | | 2 | | | |
| 9 | 10 | 11 | 12 | 13 | 14 | 15 | 16 |
| ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| 0 | | | | 3 | | | |

ਅਰਥਾਤ- ਮਾਤਰਾ = 16 ਤਾਲੀ-1,5,3 ਅਤੇ ਖਾਲੀ ਵੀਂ ਤੇ।

ਉੱਤਰੀ ਭਾਰਤੀ ਸੰਗੀਤ ਵਿਚ 'ਤਬਲਾ' (ਤਾਲ ਵਾਦਯ) ਅਤੇ ਦੱਖਣ ਭਾਰਤੀ ਸੰਗੀਤ ਵਿਚ 'ਮਰਦੰਗ' (ਤਾਲ ਵਾਦਯ) ਪ੍ਰਯੋਗ ਕੀਤਾ ਜਾਂਦਾ ਹੈ। 'ਪਖਾਵਜ' ਦਾ ਪ੍ਰਯੋਗ ਉੱਤਰੀ ਸੰਗੀਤ ਪ੍ਰਣਾਲੀ ਦੇ ਧਰੁਪਦ- ਧਮਾਰ ਗੀਤਾਂ ਲਈ ਕੀਤਾ ਜਾਂਦਾ ਹੈ।

*ਯਤੀ-* ਪ੍ਰਾਚੀਨ ਸੰਗੀਤ ਸ਼ਾਸਤਰਾਂ ਵਿਚ 'ਲੈਅ ਜਾਂ ਗਤੀ' ਦੇ 'ਚਾਲ-ਕ੍ਰਮ' ਨੂੰ ਯਤੀ ਕਿਹਾ ਜਾਂਦਾ ਸੀ। ਇਸ ਦੇ ਪੰਜ ਪ੍ਰਕਾਰ ਹਨ- ਸਮਾ, ਸ਼ਰੋਤਾਵਹਾ, ਮਰਦੰਗਾ, ਪਿਪੀਲਿਕਾ ਅਤੇ ਗੋਪੁੱਛਾ। ਆਧੁਨਿਕ ਉੱਤਰ ਭਾਰਤੀ ਸੰਗੀਤ ਵਿਚ ਵਧੇਰੇ ਕਰਕੇ 'ਸ਼ਰੋਤਾਵਹਾ' ਯਤੀ ਪ੍ਰਚੱਲਤ ਹੈ। ਅਰਥਾਤ ਸੰਗੀਤ ਪ੍ਰਦਰਸ਼ਨ ਵੇਲੇ ਆਰੰਭ ਵਿਚ ਵਿਲੰਬਿਤ ਲੈਅ, ਵਿਚਕਾਰ ਮੱਧ ਲੈਅ ਅਤੇ ਅੰਤ ਵਿਚ ਦ੍ਰੁਤ ਲੈਅ ਪ੍ਰਯੋਗ ਕਰਨ ਨੂੰ ਸ਼ਰੋਤਾਵਹਾ ਕਿਹਾ ਜਾਂਦਾ ਹੈ। ਤਾਲਾਂ ਦੀ ਤਾਲੀਮ ਵਿਚ ਕਾਇਦੇ, ਪ੍ਰਕਾਰ, ਰੇਲੇ, ਤਿੱਪਲੀ, ਚੌਪੱਲੀ, ਨੌਕਾ, ਮੋਹਰੇ, ਮੁਖੜੇ, ਤਿਹਾਈਆਂ, ਟੁਕੜੇ, ਪੇਸ਼ਕਾਰੇ, ਉਠਾਨ ਅਤੇ ਲੜੀ, ਲੱਗੀ, ਪਰਨਾ ਆਦਿ ਸਿਖਾਈਆਂ ਅਤੇ ਵਜਾਈਆਂ ਜਾਂਦੀਆਂ ਹਨ।

ਤਾਲ ਦੇ ਦਸ ਪ੍ਰਾਣ (ਪ੍ਰਮੁੱਖ ਸਿਧਾਂਤ) ਮੰਨੇ ਜਾਂਦੇ ਹਨ ਜਿਵੇਂ ਕਾਲ, ਕ੍ਰਿਆ, ਕਲਾ, ਮਾਰਗ, ਅੰਗ, ਪ੍ਰਸਤਾਰ, ਜਾਤੀ, ਗ੍ਰਹਿ, ਲਯ, ਗਤੀ। ਇਨ੍ਹਾਂ ਵਿਚੋਂ ਮਾਰਗ, ਅੰਗ, ਜਾਤੀ ਅਤੇ ਪ੍ਰਸਤਾਰ ਦੱਖਣੀ ਤਾਲ ਪ੍ਰਣਾਲੀ ਵਿਚ ਪ੍ਰਯੋਗ ਕੀਤੇ ਜਾਂਦੇ ਹਨ।

ਪ੍ਰਚੱਲਤ ਤਾਲਾਂ ਨੂੰ ਪੰਜ ਗੀਤ ਸ਼ੈਲੀਆਂ ਵਿਚ ਵੰਡਿਆ ਗਿਆ ਹੈ:-

1. ਧਰੁਪਦ ਅੰਗ ਦੇ ਤਾਲ-ਚਾਰਤਾਲ, ਆੜਾਚੌਤਾਲ, ਸੂਲਤਾਨ, ਧਮਾਰ, ਤੀਵਰਾ, ਝੰਪਾ, ਬ੍ਰਹਮਤਾਲ, ਰੁਦਰ ਤਾਲ ਆਦਿ।
2. ਖਿਆਲ ਅੰਗ ਦੇ ਤਾਲ-ਤਲਵਾੜਾ, ਆੜਾਚੌਤਲ, ਏਕਤਾਲ, ਝੂਮਰਾ ਆਦਿ।
3. ਟੱਪਾ ਅੰਗ ਦੇ ਤਾਲ - ਪੰਜਾਬੀ ਤਾਲ, ਜਤਤਾਲ ਆਦਿ।
4. ਠੁਮਰੀ ਅੰਗ ਦੇ ਤਾਲ - ਦੀਪਚੰਦੀ, ਤੀਨਤਾਲ, ਕਹਿਰਵਾ ਆਦਿ।
5. ਸੁਗਮ ਸੰਗੀਤ ਦੇ ਤਾਲ - ਕਹਿਰਵਾ, ਦਾਦਰਾ, ਰੂਪਕ, ਧੁਮਾਲੀ, ਪਸ਼ਤੋ ਆਦਿ। ਗਾਇਨ, ਵਾਦਨ ਅਤੇ ਨਿਰਤ ਦੀਆਂ ਵੱਖ ਵੱਖ ਸ਼ੈਲੀਆਂ ਵਾਸਤੇ ਵੱਖ ਵੱਖ ਤਾਲਾਂ ਦੀ ਰਚਨਾ ਹੋਈ ਪਰੰਤੂ ਅਨੇਕਾਂ ਸਮਾਨ ਮਾਤਰਾਂ ਵਾਲੇ ਤਾਲਾਂ ਦੀ ਪਿੱਠ-ਭੂਮੀ ਵਿਚ ਵੀ ਇਹ ਕਾਰਨ ਪ੍ਰਮੁੱਖ ਹੈ ਜਿਵੇਂ - ਧਰੁਪਦ ਵਰਗੀ ਗੰਭੀਰ ਸ਼ੈਲੀ ਲਈ 12 ਮਾਤਰਾਂ ਦਾ ਚਾਰਤਾਲ ਪ੍ਰਯੋਗ ਕੀਤਾ ਜਾਂਦਾ ਹੈ ਪ੍ਰੰਤੂ ਖਿਆਲ ਵਰਗੀ ਸ਼ਿੰਗਾਰ ਸ਼ੈਲੀ ਲਈ 12 ਮਾਤਰਾ ਦਾ ਏਕਤਾਲ ਪ੍ਰਯੋਗ ਹੁੰਦਾ ਹੈ। ਇਹੀ ਅੰਤਰ 10 ਮਾਤਰਾ, 14 ਮਾਤਰਾ ਵਾਲੇ ਸਮਾਨ ਮਾਤਰਾ ਤਾਲਾਂ ਵਿਚ ਪਾਇਆ ਜਾਂਦਾ ਹੈ। ਸੋ ਗੀਤ ਤੇ ਗੀਤ ਸ਼ੈਲੀਆਂ ਦੀ ਭਿੰਨਤਾ ਦਾ ਮੂਲ ਕਾਰਨ ਹੈ।

ਸਰੋਤਿਆਂ ਦੀ ਰੁਚੀ ਦਾ ਮਨੋਵਿਸ਼ਲੇਸ਼ਣ ਕਰਨ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਥੋੜ੍ਹੀਆਂ ਮਾਤਰਾ ਵਾਲੇ (ਛੋਟੇ ਤਾਲਾਂ) ਤਾਲਾਂ ਦੀਆਂ ਸੰਗੀਤਕ ਰਚਨਾਵਾਂ ਆਮ ਲੋਕਾਂ ਵਿਚ ਵਧੇਰੇ ਲੋਕਪ੍ਰਿਯ ਹਨ। ਛੇ ਮਾਤਰਾ ਵਾਲੇ, ਸੱਤ ਮਾਤਰਾ ਵਾਲੇ, ਅੱਠ ਮਾਤਰਾ ਵਾਲੇ ਅਤੇ ਦਸ ਮਾਤਰਾ ਵਾਲੇ ਤਾਲਾਂ ਦੀਆਂ ਗੀਤ ਸ਼ੈਲੀਆਂ ਨੂੰ ਬਹੁਗਿਣਤੀ ਲੋਕ ਪਸੰਦ ਕਰਦੇ ਹਨ; ਜਿਵੇਂ ਲੋਕ ਗੀਤ, ਫਿਲਮੀ ਗੀਤ, ਗਜ਼ਲ ਸ਼ਬਦ ਅਤੇ ਭਜਨ ਆਦਿ ਪ੍ਰੰਤੂ ਬਹੁਤੀਆਂ ਮਾਤਰਾ ਵਾਲੇ (ਵੱਡੇ ਤਾਲਾਂ) ਤਾਲਾਂ ਦੀਆਂ ਸੰਗੀਤਕ ਰਚਨਾਵਾਂ ਨੂੰ ਕੇਵਲ ਇਕ ਵਰਗ ਵਿਸ਼ੇਸ਼ ਦੇ ਲੋਕ ਹੀ ਪਸੰਦ ਕਰਦੇ ਹਨ ਜਿਵੇਂ 12 ਮਾਤਰਾ, 14 ਮਾਤਰਾ ਅਤੇ 16 ਮਾਤਰਾ ਵਾਲੇ ਤਾਲਾਂ ਦੀਆਂ ਰਚਨਾਵਾਂ ਕ੍ਰਮ ਅਨੁਸਾਰ ਧਰੁਪਦ, ਖਿਆਲ, ਟੱਪਾ ਠੁਮਰੀ ਨੂੰ ਪਸੰਦ ਕਰਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ।

ਉੱਤਰੀ ਸੰਗੀਤ ਪ੍ਰਣਾਲੀ ਦੇ ਪ੍ਰਮੁੱਖ ਤਾਲਾਂ ਦਾ ਸੰਖੇਪ ਵੇਰਵਾ:-



Sri Satguru Jagjit Singh Ji Elibrary NamdhariElibrary@gmail.com

| | ਨਾਮ | ਮਾਤਰਾ | ਤਾਲੀ | ਖਾਲੀ | ਵਿਭਾਗ ਵੰਡ ਕੇ ਕੁਲ ਵਿਭਾਗ |
|---|---|---|---|---|---|
| 1. | ਦਾਦਰਾ | =6 | 1 ਮਾਤਰਾ ਤੇ | 4 ਮਾਤਰਾ ਤੇ | 3+3 = (2) |
| 2. | ਰੂਪਕ | =7 | 1,4 | 1 | 3+2+2 = (3) |
| 3. | ਤੀਵਰਾ | =7 | 1,4,6 | × | 3+2+2 = (3) |
| 4. | ਕਹਿਰਵਾ | =8 | 1 | 5 | 4+4 = (2) |
| 5. | ਧੁਮਾਲੀ | =8 | 1,3,7 | 5 | 2+2+2+2 = (4) |
| 6. | ਝਪਤਾਲ | =10 | 1,3,8 | 6 | 2+3+2+3 = (4) |
| 7. | ਸੂਲਤਾਲ | =10 | 1,5,7 | 3,9 | 2+2+2+2+2 = (5) |
| 8. | ਏਕਤਾਲ | =12 | 1,5,9,11 | 3,7 | 2+2+2+2+2+2 = (6) |
| 9. | ਚਾਰਤਾਲ | =12 | 1,5,9,11 | 3,7 | 2+2+2+2+2+2 = (6) |
| 10. | ਧਮਾਰ | =14 | 1,6,11 | 8 | 5+2+3+4 = (4) |
| 11. | ਆੜਾਚੌਤਾਲ | =14 | 1,3,7,11 | 5,9,13 | 2+2+2+2+2+2+2 = (7) |
| 12. | ਝੂਮਰਾ | =14 | 1,4,11 | 8 | 3+4+3+4 =(4) |
| 13. | ਦੀਪਚੰਦੀ | =14 | 1,4,11 | 8 | 3+4+3+4 = (4) |
| 14. | ਜਤੀਸ਼ੇਖਰ | =15 | 1,2,4,6,7,8 10,11,12,14 | × | 1+2+2+1+1+2+1+1+2+2 = (10) |
| 15. | ਚਿੱਤਰਾ | =15 | 1,3,6,10 | 14 | 2+3+4+2 = (5) |
| 16. | ਸਵਾਰੀ | =15 | 1,4,8,12 | (6,10,14) | 3+2+2+2+2+2+2 = (7) |
| 17. | ਤੀਨਤਾਲ | =16 | 1,5,13 | 9 | 4+4+4+4 = (4) |
| 18. | ਪੰਜਾਬੀ | =16 | 1,5,13 | 9 | 4+4+4+4 = (4) |
| 19. | ਤਲਵਾੜਾ | =16 | 1,5,13 | 9 | 4+4+4+4 = (4) |
| 20. | ਸ਼ਿਖਰ | =17 | 1,13,15 | 7 | 6+6+2+3 = (4) |
| 21. | ਵਿਸ਼ਣੂ | =17 | 1,3,6,10 | 14 | 2+3+4+4+4 = (5) |
| 22. | ਮਤਤਾਲ | =18 | 1,5,7,11,13 | (3,9,17) | 2+2+2+2+2+2+2+2+2 = (9) |
| 23. | ਲਖਸ਼ਮੀ ਤਾਲ | =18 | 1,2,3,5,6,7,9,10 11,12,13,14,15 | (4,8,18) | 1×18 = (18) |
| 24. | ਬ੍ਰਹਮਤਾਲ | =28 | 1,5,7,11,13,15 19,21,23,25 | (3,9,17,27) | 2×14 =(28) |

*('ਪੰਜਾਬੀ ਵਿਸ਼ਵ ਕੋਸ਼' ਤੋਂ ਧੰਨਵਾਦ ਸਹਿਤ)*


## MGM Paints & Hardware

SCF 48, Phase 3 B-2, Opp. Rose Garden,
S.A.S Nagar (Mohali),160 059
Tel. 0172-5098403,2224297, 5091404, Mob. 94173-17410




Sri Satguru Jagjit Singh Ji Elibrary NamdhariElibrary@gmail.com

## ਸੁਰ ਲਿਪੀ

ਡਾ. ਜਾਗੀਰ ਸਿੰਘ

*ਰਾਗੁ ਸੂਹੀ ਲਲਿਤ*

ਵਾਦੀ ਸੰਵਾਦੀ: ਮਧਿਅਮ-ਸ਼ੜਜ ਸਮਾਂ: ਦਿਨ ਦਾ ਦੂਜਾ ਪਹਿਰ ਜਾਤੀ: ਸੰਪੂਰਨ-ਸ਼ਾੜਵ

ਆਰੋਹ: ਸ ਰੇ ਗ ਮ ਪ, ਨੀ ਧ ਨੀ ਸਂ। ਅਵਰੋਹ: ਸਂ ਰੇੁਂ ਨੀ ਧੁ ਮੇ ਧੁ ਮੇ ਮ ਗ, ਮੇ ਗ ਰੇੁ ਸ। ਮੁਖ ਅੰਗ: ਪ ਨੀ ਧ, ਨੀ ਸਂ, ਰੇੁਂ ਨੀ ਧੁ, ਮੇ ਮ ਗ, ਮ ਗ ਰੇੁ ਸ।

ਸੁਰ ਵਿਸਤਾਰ: 1. ਸ, ਸ ਰੇ ਸ ਨ਼ੀ ਸ, ਰੇੁ ਨ਼ੀ ਧ਼ੁ, ਮ਼ੇ ਧ਼ੁ ਨ਼ੀ ਧ਼ੁ, ਮ਼ੇ ਧ਼ੁ, ਮ਼ੇ ਮ਼ ਪ਼, ਨ਼ੀ ਧ਼ ਨ਼ੀ ਸ।

2. ਸ ਰੇ ਗ ਮ, ਰੇ ਗ ਮ ਪ, ਮੇ ਧੁ ਮੇ ਮ ਗ, ਗ ਮ ਪ ਧ, ਨੀ ਧ ਨੀ ਸਂ, ਰੇੁਂ ਨੀ ਧੁ, ਮੇ ਧੁ ਨੀ ਧੁ, ਮੇ ਧੁ ਮੇ ਮ ਗ, ਮੇ ਗ ਰੇੁ ਸ।

3. ਪ, ਨੀ ਧ ਨੀ ਸਂ, ਰੇਂ ਸਂ, ਸਂ ਰੇਂ ਗਂ ਮਂ, ਮੇਂ ਮਂ ਗਂ, ਮੇਂ ਗਂ ਰੇੁਂ ਨੀ ਸਂ, ਧੁ ਮੇ ਮ, ਸਂ ਨੀ ਧੁ, ਮੇ ਧੁ ਮੇ ਮ ਗ, ਮੇ ਗ ਰੇੁ ਸ।

ਇਕ ਤਾਲ

| 7 | 8 | 9 | 10 | 11 | 12 | 1 | 2 | 3 | 4 | 5 | 6 |
|---|---|---|---|---|---|---|---|---|---|---|---|
| x | | 3 | | 4 | | x | | 0 | | 2 | |
| ਸਥਾਈ | | ਪ | ਪ | ਨੀਧ | ਨੀ | ਸਂ | – | ਸਂ | – | – | – |
| | | *ਹ* | *ਭੁ* | *ਨਾऽ* | *ऽ* | *ਲਾ* | *ऽ* | *ਇ* | *ऽ* | *ऽ* | *ऽ* |
| – | – | ਸਂ | ਸਂਨੀ | ਨੀਧੁ | ਧੁਮੇ | ਮੇ | ਗ | – | – | – | – |
| *ऽ* | *ऽ* | *ਬ* | *ਤੰऽ* | *ऽऽ* | *ਦऽ* | *ੜੈ* | *ऽ* | *ऽ* | *ऽ* | *ऽ* | *ऽ* |
| – | – | ਗ | ਰੇੁ | ਰੇੁ | ਸ | ਮ | – | ਮ | – | – | – |
| *ऽ* | *ऽ* | *ਸ* | *ऽ* | *ਲਿ* | *ऽ* | *ਜਾ* | *ऽ* | *ਸੀ* | *ऽ* | *ऽ* | *ऽ* |
| – | – | ਰੇ | ਗ | ਮ | ਪ | ਪ | – | – | – | – | – |
| *ऽ* | *ऽ* | *ਢੋ* | *ऽ* | *ऽ* | *ऽ* | *ਲਾ* | *ऽ* | *ऽ* | *ऽ* | *ऽ* | *ऽ* |
| – | – | | | | | | | | | | |
| *ऽ* | *ऽ* | | | | | | | | | | |
| ਅੰਤਰਾ | | ਪ | – | ਨੀਧ | ਨੀ | ਸਂ | – | ਸਂ | – | – | – |
| | | *ਬੇ* | *ऽ* | *ਜਾऽ* | *ऽ* | *ਬੰ* | *ऽ* | *ਧਿ* | *ऽ* | *ऽ* | *ऽ* |
| – | – | ਨੀ | ਰੇੁਂ | ਗਂ | ਰੇੁਂ | ਨੀ | ਰੇੁਂ | ਸਂ | – | – | – |
| *ऽ* | *ऽ* | *ਨ* | *ਸ* | *ਕਿ* | *ऽ* | *ਓ* | *ऽ* | *ऽ* | *ऽ* | *ऽ* | *ऽ* |
| – | – | – | – | ਸਂ | ਨੀ | ਧੁ | ਮੇ | ਮੇ | – | – | ਮੇ |
| *ऽ* | *ऽ* | *ऽ* | *ऽ* | *ਬੰ* | *ऽ* | *ਧ* | *ਨ* | *ਕੀ* | *ऽ* | *ऽ* | *ऽ* |



Sri Satguru Jagjit Singh Ji Elibrary NamdhariElibrary@gmail.com

| | | | | | | | | | | | |
|---|---|---|---|---|---|---|---|---|---|---|---|
| ਮੰ | – | – | – | – | ਮ | ਗ | – | – | – | – | – |
| ਵੇ | ऽ | ऽ | ऽ | ऽ | ऽ | ਲਾ | ऽ | ऽ | ऽ | ऽ | ऽ |
| – | – | ਪ | ਪ | ਨੀਧ | ਨੀ | ਸਂ | ਸਂ | ਸਂ | ਸਂ | – | – |
| ऽ | ऽ | ਭ | ਰਿ | ਸऽ | ਰ | ਵ | ਰੁ | ਜ | ਬ | ऽ | ऽ |
| – | – | ਨੀ | ਰੇਂ | ਗਂ | ਰੇਂ | ਨੀ | ਰੇਂ | ਸਂ | – | – | – |
| ऽ | ऽ | ਊ | ऽ | ਛ | ऽ | ਲੈ | ऽ | ऽ | ऽ | ऽ | ऽ |
| – | – | ਸਂ | – | ਸਂ | ਨੀ | ਧ | ਮੰ | – | ਮੰ | – | ਮੰ |
| ऽ | ऽ | ਤ | ऽ | ਬ | ऽ | ਤ | ਰ | ऽ | ਣੁ | ऽ | ਦੁ |
| ਮੰ | – | ਮ | – | – | – | ਗ | – | – | – | – | – |
| ਹੇ | ऽ | ऽ | ऽ | ऽ | ऽ | ਲਾ | ऽ | ऽ | ऽ | ऽ | ऽ |
| – | – | | | | | | | | | | |
| ऽ | ऽ | | | | | | | | | | |
| ਅੰਤਰਾ | | ਪ | ਪ | ਨੀਧ | ਨੀ | ਸਂ | – | – | ਸਂ | – | – |
| | | ਇ | ਕ | ਆ | ऽ | ਪੀ | ऽ | ऽ | ਨੈ | ऽ | ऽ |
| – | – | – | ਨੀਰੇਂ | ਸਂ | ਰੇਂ | ਨੀ | ਰੇਂ | ਸਂ | – | – | – |
| ऽ | ऽ | ऽ | ਪऽ | ऽ | ਤ | ਲੀ | ऽ | ऽ | ऽ | ऽ | ऽ |
| – | – | – | – | ਸਂ | ਨੀ | ਧ | ਮੰ | – | – | – | – |
| ऽ | ऽ | ऽ | ऽ | ऽ | ऽ | ਸ | ਹ | ऽ | ऽ | ऽ | ऽ |
| ਮੰ | – | – | ਮ | – | ਮ | ਗ | – | ਗ | – | – | – |
| ਕੇ | ऽ | ऽ | ਰੇ | ऽ | ऽ | ਬੋ | ऽ | ਲਾ | ऽ | ऽ | ऽ |
| – | – | ਪ | – | ਨੀਧ | ਨੀ | ਸਂ | ਸਂ | – | – | – | – |
| ऽ | ऽ | ਦੁ | ऽ | ਧਾऽ | ऽ | ਥ | ਣੀ | ऽ | ऽ | ऽ | ऽ |
| – | – | ਨੀ | ਰੇਂ | ਗੁਂ | ਰੇਂ | ਨੀ | ਰੇਂ | ਸਂ | – | – | – |
| ऽ | ऽ | ਨ | ਆ | ऽ | ਵ | ਈ | ऽ | ऽ | ऽ | ऽ | ऽ |
| – | – | – | – | ਸਂ | ਨੀ | ਧ | ਮੰ | – | ਮੰ | – | – |
| ऽ | ऽ | ऽ | ऽ | ਫਿ | ਰਿ | ਹੋ | ऽ | ऽ | ਇ | ऽ | ऽ |
| ਮੰ | – | ਮ | ਮ | – | – | ਗ | – | – | – | – | – |
| ऽ | ऽ | ਨ | ਮੇ | ऽ | ऽ | ਲਾ | - | - | - | - | - |
| – | – | | | | | | | | | | |
| ऽ | ऽ | | | | | | | | | | |



Sri Satguru Jagjit Singh Ji Elibrary NamdhariElibrary@gmail.com

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਸੂਹੀ ਲਲਿਤ ॥<br>ਸੇਖ ਫਰੀਦ ਜੀਉ ਕੀ ਬਾਣੀ ॥ | Suhi Lalit.<br>Sheikh Farid. | ਸੂਹੀ ਲਲਿਤ।<br>ਸ਼ੇਖ ਫ਼ਰੀਦ ਜੀ। |
| ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ | Thou couldest not make the raft at the time, when thou oughtest to have made it. | ਤੂੰ ਉਸ ਵਕਤ ਤੁਲਹੜਾ ਨਹੀਂ ਬਣ ਸਕਿਆ ਜਦੋਂ ਤੈਨੂੰ ਬਣਾਉਣਾ ਚਾਹੀਦਾ ਸੀ। |
| ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥ | When the sea is full and over flowing, then it is difficult to cross over. | ਜਦ ਸਮੁੰਦਰ ਪਰੀਪੂਰਨ ਹੋ ਉਛਲਦਾ ਹੈ, ਤਦ ਇਸ ਨੂੰ ਪਾਰ ਕਰਨਾ ਕਠਨ ਹੈ। |
| ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ | Touch thou not the saf-flower with thy hand, its colour shall fade away, my dear. | ਤੂੰ ਕਸੁੰਭੇ ਦੇ ਫੁੱਲ ਨੂੰ ਆਪਣਾ ਹਥ ਨਾ ਲਾ, ਇਸ ਦਾ ਰੰਗ ਨਾਸ ਹੋ ਜਾਊਗਾ, ਮੇਰਿਆ ਪ੍ਰੀਤਮਾ। |
| ਰਹਾਉ ॥ | Pause. | ਠਹਿਰਾਉ। |
| ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥ | Firstly, the bride herself is weak and over and above this her spouse's order is hard to bear. | ਇਕ ਤਾਂ ਪਤਨੀ ਖ਼ੁਦ ਹੀ ਕਮਜ਼ੋਰ ਹੈ ਅਤੇ ਇਸ ਤੋਂ ਉਪਰ ਉਸ ਦੇ ਪਤੀ ਦਾ ਹੁਕਮ ਸਹਾਰਨਾ ਕਠਨ ਹੈ। |
| ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥ | As the milk returns not to the teats, so the soul meets not with the same body again. | ਜਿਸ ਤਰ੍ਹਾਂ ਦੁਧ ਥਣਾਂ ਵਿਚ ਵਾਪਸ ਨਹੀਂ ਆਉਂਦਾ ਏਸੇ ਤਰ੍ਹਾਂ ਹੀ ਰੂਹ ਮੁੜ ਕੇ ਉਸੇ ਦੇਹ ਦੇ ਨਾਲ ਨਹੀਂ ਮਿਲਦੀ। |
| ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥ ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥ | Says Farid, O my mates, when the spouse calls, the soul departs crest-fallen and this body becomes a heap of ashes. | ਫ਼ਰੀਦ ਜੀ ਆਖਦੇ ਹਨ, ਹੇ ਮੇਰੀਓ ਸਖੀਓ! ਜਦ ਕਰਤਾ ਬੁਲਾਉਂਦਾ ਹੈ, ਆਤਮਾ ਨਿਮੋਝੂਣੀ ਹੋ ਟੁਰ ਪੈਂਦੀ ਹੈ ਅਤੇ ਇਹ ਸਰੀਰ ਸੁਆਹ ਦਾ ਤੋਦਾ ਹੋ ਜਾਂਦਾ ਹੈ। |


ਭਗਤਿ ਗੁਰ ਸੇਵਾ ਤਰਨਾ ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥

ਸੇਵਕਸ' ਚੈਰੀਟੇਬਲ ਟਰਸਟ (ਰਜਿ.)

HELP NEEDY

**Sewaks' Charitable Trust (Regd.)**

Office : SCO : 1104-05, First Floor, Sector: 22-B, Chandigarh - 160 022

Tel.: 0172-2701238, 2713915, 2783986, 2612412 Fax: 0172-2710739, 2655821

e-mail: sewaks@usa.net - website: www.sewaks.faithweb.com

HELP NEEDY

IN THE SERVICE OF HUMANITY




Sri Satguru Jagjit Singh Ji Elibrary NamdhariElibrary@gmail.com

# ਸੰਗੀਤ ਲਿਪੀ ਚਿੰਨ੍ਹ

ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ।

---

ਧੁ — ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2,4,9,11 ਕੋਮਲ ਸੁਰ ਹਨ।

---

ਮੰ — ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ।

---

ਪ਼/ਧ਼ — ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ।

---

ਸੰ/ਪੰ — ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ।

---

ਪ - — ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ।

---

ਥਾਂ ऽ — ਜਿਸ ਅੱਖਰ ਅੱਗੇ ਜਿੰਨੇ ऽ ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ।

---

ਧਪ — ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ।

---

ਮ$^{ਪ}$ — ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ।

---

**X O 1 2 3  X ਸਮ,  0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।**




Sri Satguru Jagjit Singh Ji Elibrary NamdhariElibrary@gmail.com

Postal Regd. No. PB/0042/2003 RNI Regd. No. 46788/89 ISSN 0972-2335



Why wait till you save enough?

Go ahead and start enjoying it right now!

V-Equip

will help you finance it

If you need consumer durables such as a pc, washing machine, refrigerator, television or any other domestic appliances but cannot quite pay for it right away, Vijaya Bank offers you a loanup to Rs 3 lakhs on low interest and easy repayment arrangements.



Visit your nearest Vijaya Bank branch today for details.

VIJAYA BANK
(A Govt. of India Undertaking)
A friend you can bank upon
H.O.: 41/2, M.G. Road, Bangalore -560 001.
Ph: 080 25584066
Visit us: www.vijayabank.com

Conditions apply